# MILKFOOD LIMITED

5th Floor, 91, Bhandari House, Nehru Place, New Delhi-110 019
Ph.: 26460670-4 / 26463773 Fax : 011-26460823
E-mail : milkfoodltd@milkfoodltd.com, Website : www.milkfoodltd.com
CIN : L15201PB1973PLC003746

MFL/SCY/2019-20 11th January, 2020

The BSE Ltd.,
Phiroze Jeejeebhoy Towers,
Dalal Street, Fort,
Mumbai- 400 001

Sub: Copy of Advertisement published in newspapers – Notice of the Extra-Ordinary General Meeting
Scrip Code No.: 507621

**Dear Sir/Madam**

In compliance with Regulation 30 & 47 of the Securities and Exchange Board of India (Listing Obligations and Disclosure Requirements) Regulations, 2015, Please find enclosed herewith copies of Notice of Extra Ordinary General Meeting of Milkfood Limited to be held on **Friday, 7th February, 2020** at 9.00 a.m. at the registered office of the Company at Bahadurgarh, Distt. Patiala, Punjab, as published in **"Financial Express"** – English Daily and **"Daily Mehnat"** – a regional (Punjabi) Daily – both on Saturday, 11th January, 2020.

You are requested to take the same on your records and oblige.

Thanking you,

Yours faithfully
For Milkfood Limited

Rhakur

(Rakesh Kumar Thakur)
Company Secretary


Encl: a/a

milkfood

Regd. Office : P.O. Bahadurgarh-147021 Distt. Patiala (Punjab)
Phones : 0175-2381404 / 2381415
Fax : 0175-2380248

# Markets hit new highs as earnings season kicks off, tensions ease




**FE BUREAU**
Mumbai, January 10

**THE BENCHAMRK NIFTY50** hit a new high on Friday, with the onset of the results season and the hopes of de-escalation of the US-Iran conflict. The anticipation of a growth-oriented Budget also drove the gains in the domestic market for the second consecutive session.

The Nifty advanced to breach the 12,300-mark for the first time ever but closed off the day's high. Nifty50 gained 40.90 points to close at 12,256.80. Sensex gained by 147.37 points to close at 41,599.72 points.

The biggest gainer on the Nifty50 was Coal India followed by Infosys and Ultratech Cement. Shares of Infosys rose by 1.71% to close at ₹740 a piece on the announcement of their earnings. On the downside, Yes Bank, Zee Entertainment and IndusInd Bank were the biggest losers.

Explaining the reason for the day's gains, UR Bhat, director, Dalton Capital Advisors (India), said: "The markets were worried about the US-Iran conflict but this seems to be easing since, the US announced that no one was hurt in the missile attack and Iran seems to be backing down. The markets seem to be responding to a possible de-escalation in the conflict."

Bhat added that the results season was around the corner and that could be contributing to the gains in the market. At the peak of US-Iran tensions, crude had spiked to $70 a barrel last week, but cooled to $65.35 a barrel.

Sectorally, Nifty Realty gained the most, followed by Nifty Metal and Nifty Auto. Among the broader markets, Nifty Midcap 50 gained 0.45% and Nifty Smallcap 50 gained 0.89%. According to Vinod Nair, head of research, Geojit Financial Services, the markets had moved to a pre-budget rally. "The market has moved ahead of geo-political tension to pre-budget rally due to solid expectations with growth as a key agenda."

Overnight, the Wall Street took the lead and and ended the day in green. India's Asian peers also gained with Hong Kong, Korea and Taiwan ending the day in green. Experts suggest that earnings results, US-China deal, US-Iran tensions and Union Budget could contribute to corrections in the market in the near term.

# NSE-backed CAMS files papers with Sebi for ₹1,500-crore IPO

**PRESS TRUST OF INDIA**
New Delhi, January 10

**COMPUTER AGE MANAGEMENT** Services (CAMS), which is backed by Warburg Pincus and the NSE, has filed draft papers with markets regulator Sebi to float an initial public offering worth ₹1,500-1,600 crore.

The IPO will see sale of 1,21,64,400 equity shares through offer- for-sale by Great Terrain Investment, NSE Investments, Acsys Investments, HDFC and HDB Employees Welfare Trust, according to the draft papers filed with Sebi.

While Great Terrain is an affiliate of Warburg Pincus, NSE Investments is a group firm of the National Stock Exchange. Market sources estimate the IPO size to be anywhere between ₹1,500-1,600 crore. The issue is being managed by Kotak Mahindra Capital Company, HDFC Bank, ICICI Securities and Nomura Financial Advisory and Securities (India).

CAMS claims to be the country's largest registrar and transfer agent (RTA) with a market share of 69.4%, based on mutual fund average assets under management (AAUM), as of November 2019. During the period, it served ₹18.7 lakh crore of AAUM of 16 mutual fund clients. It offers integrated services for receipt, verification and processing of financial and non-financial transactions for the BFSI sector, largely to the mutual fund industry. Also, it provides services of transaction, payment, settlement and reconciliation; dividend processing, record keeping, report generation, intermediary empanelment and brokerage computation and compliance.

# Murugappa group arm raises ₹400 cr from CDC Group via masala bonds

**FE BUREAU**
Chennai, January 10

**CHOLAMANDALAM INVESTMENT AND** Finance Company (CIFCL), the financial services arm of the Chennai-headquartered Murugappa group, has raised ₹4 billion (₹400 crore) from CDC Group Pie (CDC), the United Kingdom's development finance institution and impact investor through the issuance of unsecured, subordinated, rupee denominated masala bonds.

This is CIFCL's maiden masala bond issue which may be listed on London Stock Exchange or any other international stock exchanges in future.

Incorporated in 1978, CIFCL offers vehicle finance, business and home loans. It has more than 1,000 branches across India, with a diversified loan portfolio spanning 1.2 million customers. CIFCL caters to small and medium road transport operators for new and used commercial vehicles with over 50% of the portfolio in low income states.

Arun Alagappan, MD of CIFCL, said: "CDC and CIFCL have joined hands to address the business credit requirements of small and medium road transport operators and MSME customers. CDC's investment in CIFCL's masala bonds will support the extension of loans to driver-turned-owners and micro and small enterprises in underserved rural and semi-urban areas of India. We look forward to working with CDC in promoting the economic and social well-being of our customers."

The majority of CIFCL's customer segment is self-employed borrowersor entrepreneurs and small manufacturers, with nearly one-third of the portfolio constituting first time borrowers, thereby facilitating access to the formal capital market and promoting financial inclusion.

Srini Nagarajan, CDC managing director and head of Asia, said: "CDC's commitment to CIFCL demonstrates our value as a development financial institution with long-term patient capital. Our investment will enable CIFL to extend loans to small vehicle owners and facilitate availability of credit to rural and semi-urban markets and support the company with subordinated-debt in this tight liquidity environment. CDC has been investing in India for over 30 years and we look forward to the start of a productive long-term relationship with CIFCL and the wider Murugappa group."

# RBI permits recurring payments through UPI

**FE BUREAU**
Mumbai, January 10

**THE RESERVE BANK** of India (RBI) on Friday said that it would permit processing of e-mandate on recurring transactions via the unified payments interface (UPI) system. This would help customers signing up for products such as systematic investment plans and insurance that involve recurring payments. The cap on transactions under the arrangement has been pegged at ₹2,000.

In August 2019, the RBI had permitted recurring payments through all types of cards – debit, credit and prepaid payment instruments (PPIs), including wallets. The norms applicable for recurring payments through cards would now be applicable for UPI transactions as well, the regulator said. Charges are not to be levied on such transactions from the user availing the e-mandate facility.

## NOTICE

**Mutual Fund** Principal®

**Principal Asset Management Pvt. Ltd.**
(Formerly known as Principal Pnb Asset Management Company Private Limited)
**(CIN : U25000MH1991PTC064092)**
Regd. Off.: Exchange Plaza, 'B' Wing, Ground Floor, NSE Building, Bandra Kurla Complex, Bandra (East), Mumbai - 400 051. • Toll Free: 1800 425 5600 • Fax: (022) 6772 0512
E-mail: customer@principalindia.com • Visit us at: www.principalindia.com

**NOTICE-CUM-ADDENDUM TO THE STATEMENT OF ADDITIONAL INFORMATION (SAI) OF PRINCIPAL MUTUAL FUND [NO.04/2020]**

**NOTICE IS HEREBY GIVEN THAT**, Mr. Aashish Khubchandani, Dealer - Fixed Income has resigned from the services of Principal Asset Management Private Limited ("the Company"). Pursuant to his resignation from the services of the Company, he ceases to be the Key Personnel of the Company with effect from closure of business hours of January 08, 2020.

Consequently, all reference pertaining to Mr. Aashish Khubchandani in the SAI of Principal Mutual Fund stand deleted effective above date.

Contents hereof shall form and integral part of the SAI of the Schemes of Principal Mutual Fund as amended from time to time and all other features / terms and conditions thereof remaining unchanged.

**For further information/assistance, do visit us at www.principalindia.com or e-mail us at customer@principalindia.com or call on our Toll Free: 1800 425 5600.**

For **Principal Asset Management Pvt. Ltd.**
*(Formerly known as Principal Pnb Asset Management Company Private Limited)*

Place : Mumbai
Date : January 10, 2020

Sd/-
**Authorised Signatory**

**Mutual Fund investments are subject to market risks, read all scheme related documents carefully.**

## GTPL HATHWAY LIMITED

Registered Office : C-202, 2nd Floor, Sahajanand Shopping Centre,Opp. Swaminarayan Mandir, Shahibaug, Ahmedabad - 380 004. • Tel: 91-079-25626470 • Fax: 91-079-61400007, • CIN: L64204GJ2006PLC048908
Website: www.gtpl.net • E-mail: info@gtpl.net (Amount Rupees in Millions)

**EXTRACT OF UNAUDITED CONSOLIDATED FINANCIAL RESULTS FOR THE QUARTER & NINE MONTHS ENDED DEC. 31,2019**

| Sr. No. | Particulars | Quarter Ended Dec. 31, 2019 Unaudited | Nine Months Ended Dec. 31, 2019 Unaudited | Quarter Ended Dec. 30, 2018 Unaudited |
|---|---|---|---|---|
| 1. | Total Income from Operations | 6,739.65 | 17,284.31 | 3,144.97 |
| 2. | Net Profit for the Period (before Tax and Exceptional Items) | 648.94 | 1,759.31 | 310.45 |
| 3. | Net Profit for the Period before Tax (after Exceptional Items) | 648.94 | 1,759.31 | 310.45 |
| 4. | Net Profit for the Period after Tax | 389.87 | 1,071.56 | 197.20 |
| 5. | Total Comprehensive Income /(Loss) for the Period (comprising Profit /(Loss) for the Period after Tax and Other Comprehensive Income (after Tax)) | 387.88 | 1,066.42 | 197.20 |
| 6. | Paid up Equity Share Capital (Face value of Rs. 10/- each) | 1,124.63 | 1,124.63 | 1,124.63 |
| 7. | Other Equity (As shown in the Audited Balance Sheet) | NA | NA | NA |
| 8. | Earning Per Share - (basic, diluted and not annualised) (in Rs.) | 2.94 | 8.12 | 1.65 |

**Notes : (1)** The Company is appointed as Project Implementation Agency (PIA) for Package B of Bharat Net Phase - II Project in the state of Gujarat by Gujarat Fibre Grid Network Limited (GFGNL). Under the project, the Company will connect 3,767 Gram Panchayat by implementing end-to-end Optic Fibre Cable (OFC) and digital infrastructure with Centralized network operations center at Gandhinagar in Gujarat. The Company, along with its consortium partner, will implement this project. The Company has commenced the commissioning and lying of OFC from February 2019. During the quarter and nine months ended December 31, 2019, the Company has recognised total income and total expenses amounting to Rs.4702.84 million and Rs.4378.84 million respectively.

**(2)** Additional information on standalone financial results is as follows: (Amount Rupees in Millions)

| Sr. No. | Particulars | Quarter ended Dec. 31, 2019 Unaudited | Nine Months ended Dec. 31, 2019 Unaudited | Quarter ended Dec. 30, 2018 Unaudited |
|---|---|---|---|---|
| 1. | Total Operating Income | 5,488.63 | 13,294.70 | 2,033.27 |
| 2. | Net Profit for the Period (before Tax and Exceptional Items) | 544.31 | 1,420.63 | 208.24 |
| 3. | Net Profit for the Period before Tax (after Exceptional Items) | 544.31 | 1,420.63 | 208.24 |
| 4. | Net Profit for the Period after Tax | 347.78 | 851.85 | 135.07 |

**(3)** The above is an extract of the detailed format of the standalone and consolidated financial Results for the quarter and nine months ended December 31, 2019 filed with the Stock Exchanges under Regulation 33 of SEBI (Listing Obligations and Disclosure Requirements) Regulations, 2015. The full format of the said standalone and consolidated financial results for the quarter and nine months ended December 31, 2019 are available on the Stock Exchange website (www.bseindia.com and www.nseindia.com) and on the Company's website (www.gtpl.net).

**(4)** The aforesaid results have been reviewed by the Audit Committee and approved by the Board of Directors at their meetings held on January 9, 2020.

**For GTPL Hathway Limited**
**Anirudhsinh Jadeja**
Managing Director
DIN : 00461390

**Place :** Ahmedabad
**Date :** January 9, 2020

## Milkfood Limited

milkfood

CIN :L15201PB1973PLC003746
Regd. Office: P.O. Bahadurgarh, Distt.: Patiala (Punjab) -147021
Tel: 0175- 2381404/2381415, Fax: 0175-2380248
Email: milkfoodltd@milkfoodltd.com; Website: www.milkfoodltd.com

**NOTICE OF EXTRA-ORDINARY GENERAL MEETING, BOOK CLOSURE AND E-VOTING INFORMATION**

Notice is hereby given that an Extra-Ordinary General Meeting (EGM) of the Company is scheduled to be held on Friday, the 7th February, 2020 at 9.00 a.m. at the Registered Office of the Company at P.O. Bahadurgarh, Distt. Patiala, Punjab-147021.

Pursuant to Section 91 of the Companies Act, 2013, Rule 10 of the Companies (Management & Administration) Rules, 2014 and Regulation 42 of the SEBI (Listing Obligations and Disclosure Requirements) Regulations, 2015, the Register of Members and the Share Transfer Books of the Company shall remain closed from Saturday, the 1st February, 2020 to Wednesday, the 5th February, 2020 (both days inclusive), for the purpose of EGM.

The Notice for the EGM has been sent to all members through e-mail whose email IDs are registered with the Registrar & Transfer Agent/ Depository Participants(s). For members, who have not registered their email IDs or those who opted for the physical copy, they have been served the aforesaid documents through a permitted mode on 10th January, 2020.

Notice of the Extra-Ordinary General Meeting is also available on the Company's website at **www.milkfoodltd.com** and of the website of CDSL at **www.cdslindia.com**.

Notice is also hereby given that pursuant to Section 108 of the Companies Act, 2013 and Rule 20 of the Companies (Management & Administration) Rules, 2014, as amended by the Companies (Management and Administration) Amendment Rules, 2015 and Regulation 44 of the SEBI (Listing Obligations and Disclosure Requirements) Regulations, 2015, the Company is offering remote e-voting facility to its members in respect of the item of business to be transacted at the Extra-Ordinary General Meeting. The Company has engaged the services of Central Depository Services (India) Limited ("CDSL") for providing remote e-voting facilities. The cut-off date for the purpose of e-voting is 31st January, 2020.

The service of the e-voting can be availed by accessing the link **www.evotingindia.com**. The procedure for e-voting is available on the aforesaid website as well as in the Notice of the EGM. Members are requested to cast their vote on or before the last date.

The remote e-voting facility shall commence on Tuesday, 4th February, 2020 from 9.00 a.m. (IST) and end on Thursday, 6th February, 2020 at 5.00 p.m. (IST). The remote e-voting shall not be allowed beyond the said date and time.

A person, whose names appears in the register of members/beneficial owners as on the cut-off date i.e. 31st January, 2020 only shall be entitled to avail the facility of remote e-voting as well as voting at the meeting.

Any person who becomes member of the Company after the dispatch of the Notice of the meeting and holding shares as of the cut-off date i.e. 31st January, 2020 may obtain the user ID and password by sending a request at **helpdesk.evoting@cdslindia.com**.

The detailed procedure for obtaining User Id and password is also provided in the Notice of the meeting which is available on Company's website and the website of CDSL. If the member is already registered with CDSL for e-voting then he can use his existing user ID and password for casting the vote through remote e-voting.

The member who has cast their vote by remote e-voting may attend the meeting but shall not be entitled to cast their vote again.

The facility for voting through ballot paper shall be made available at the venue of the meeting and the members attending the meeting who have not cast their vote by remote e-voting shall be able to exercise their right at the meeting through ballot paper.

In case you have any queries or issues regarding e-voting, you may refer the Frequently Asked Questions ("FAQs") and e-voting manual available at **www.evotingindia.com**, under help section or write an email to **helpdesk.evoting@cdslindia.com**. Or contact to Mr. Rakesh Dalvi, Manager, Contact No. 1800225533, Address: Central Depository Services (India) Limited, A Wing, 25th Floor, Marathon Futurex, Mafatlal Mill Compounds, N M Joshi Marg, Lower Parel (E), Mumbai – 400013.

For **MILKFOOD LIMITED**
Sd/-
**Rakesh Kumar Thakur**
Company Secretary

Date: 10.01.2020
Place: New Delhi

## UNITED BREWERIES LIMITED

Registered Office: "UB Tower", UB City, # 24, Vittal Mallya Road, Bengaluru - 560 001.
Phone: +91-80-45655000, Fax: +91-80- 22211964. CIN: L36999KA1999PLC025195
Website:www.unitedbreweries.com, Email:ublinvestor@ubmail.com

### NOTICE

All shares pertaining to and comprised in the undelivered share certificates lying with the company / its transfer agents were transferred to an "Unclaimed Suspense Account" (hereinafter referred to as the "SUSPENSE ACCOUNT") in demat mode as per the SEBI circular dated 16.12.2010 after sending three reminders to the beneficiaries of the said shares. The following share holders whose shares have been transferred to such "SUSPENSE ACCOUNT" have now approached the company and have provided necessary documents for credit of the said shares to their respective demat accounts. **NOTICE** is hereby given that the Company will proceed to release the Shares to the below mentioned shareholders unless a valid objection is received by the Company within 15 days from the date of publication of this notice.

| Sl. No | Folio No. | Certificate No. | No. of Shares | Distinctive No. from | Distinctive No. to | Name of the Shareholders |
|---|---|---|---|---|---|---|
| 1. | UB 029321 | 108172 | 190 | 3316761 | 3316950 | Kotresh G |
| 2. | UB 099297 | 126861 | 17 | 00263610841 | 00263610857 | Ramesh Kumar Rajpal |
| 3. | UB 075468 | 118277 | 60 | 8344081 | 8344140 | Sridharan T V |
| 4. | UB 079449 | 110120 | 10 | 4232371 | 4232380 | S S Bindu (Bramaramba S S) |
| 5. | UB 036739 | 113890 | 400 | 7507651 | 7508050 | Aruna Rajapurkar / Ashok Rajapurkar |

Any person(s) having any objection against release of the above shares should lodge his/her/their objection with all supporting documents stating the nature of objection with the Company at its Registered Office within 15 days from the appearance of this notice failing which the Company will proceed to release the Shares to the persons mentioned above and thereafter no objection/claim will be entertained from any person(s) by the Company.

For UNITED BREWERIES LIMITED
Sd/-
GOVIND IYENGAR
Senior Vice President - Legal & Company Secretary

Place : Bengaluru
Date : 07/01/2020

## BNP PARIBAS MUTUAL FUND

**Investment Manager:** BNP Paribas Asset Management India Private Limited (AMC)
**Corporate Identity Number (CIN):** U65991MH2003PTC142972
**Registered Office:** BNP Paribas House, 1 North Avenue, Maker Maxity, Bandra Kurla Complex, Bandra - East, Mumbai - 400 051. **Website:** www.bnpparibasmf.in • **Toll Free:** 1800 102 2595

### NOTICE CUM ADDENDUM NO. 01/2020

**Notice cum Addendum to the Statement of Additional Information (SAI), Scheme Information Document (SID) and Key Information Memorandum (KIM) for the Schemes of BNP Paribas Mutual Fund ('the Fund'):**

**Change in address of Official Points of Acceptance of Transactions (OPAT):**

Investors are requested to note the change in address of the following Official Points of Acceptance of Transactions (OPAT) of KFin Technologies Private Limited, Registrar & Transfer Agents:

| Branch | Old Address | New Address | Effective date |
|---|---|---|---|
| Mirzapur | Girja Sadan, Dawari Gunj City: Mirzapur-231 001 | House No. 404, Ward No. 8, Dankeenganj, Mirzapur-231 001 Uttar Pradesh | |
| Vashi | A-Wing, Shop No 205, 1st Floor, Vashi Plaza, Sector-17, Near Apna Bazar, Vashi, Navi Mumbai-400 073 | C-Wing, Flat No. 324, 1st Floor, Vashi Plaza, Sector 17 Vashi, Navi Mumbai-400 703 | |
| Ananthapur | # 15-149, 1st Floor, S.R. Towers, Opp: Lalithakala Parishat, Subash Road, Ananthapur-515 001 | Plot No: 12-313, Balaji Towers, Suryanagar, Ananthapur Village-515 001, Ananthapur District, Andhra Pradesh | |
| Renukoot | Radhika Bhavan, Opp. Padmini Hotel, Murdhwa, Renukoot -231 217 | C/o Mallick Medical Store, Bangali Katra Main Road, Renukoot, Dist. Sonebhadra-231 217 (U.P.) | January 13, 2020 |
| Sitapur | 12/12-A Sura Complex, Arya Nagar Opp. Mal Godam, Sitapur-261 001 | 12/12, Surya Complex, Station Road, Sitapur-261 001, Uttar Pradesh | |
| Panipat | JAVA Complex, 1st Floor, Above Vijaya Bank, G T Road, Panipat -132 103 | 3rd Floor Preet Tower, Behind Akash Institute, G T Road, Panipat -132 103 | |
| Guntur | D No 6-10-27, Srinilayam, 10/1, Arundelpet, Guntur-522 002 | 2nd Shatter, 1st Floor, HNo. 6-14-48, 14/2 Lane, Arundal Pet, Guntur, Andhra Pradesh-522 002 | |
| Nadiad | 104-105, City Point, Near Paras Cinema, Nadiad-387001 | 311-3rd Floor, City Center, Near Paras Circle, Nadiad-387 001 | |
| Warangal | 1-8-533 2nd Floor, Beside Suprabha Hotel, PVKR Residency, Nakkalagutta, Hanamkonda Warangal-506 001 | Shop No. 22, Ground Floor, Warangal City Center, 15-1-237, Mulugu Road Junction, Warangal-506 002 | |
| Vile Parle | 104, Sangam Arcade, V P Road, Above Axis bank, Vile Parle West, Mumbai-400 056 | Shop No.1 Ground Floor, Dipti Jyothi Co-operative Housing Society, Near MTNL Office P M Road, Vile Parle East-400 057 | January 15, 2020 |
| Ahmedabad | 201/202 Shail Complex, Opp. Madhusudan House, B/H Girish Cold Drink Off C G Road, Navrangpura, Ahmedabad-380 006 | Office No. 401, 4th Floor, ABC-I, Off. C.G. Road, Ahmedabad-380 009 | |
| Dindigul | No : 9 Old No:4/B, New Agraharam, Palani Road, Dindigul-624 001 | No 59B, New Pensioner Street , Opp. Gomathi Lodge, Palani Road, Dindigul-624 001 Dindigul District, Tamil Nadu | January 16, 2020 |
| Bangalore | No-59, Skanda, Puttanna Road, Basavangudi, Bangalore-560 004 | Old No: 35, New No-59, 1st Floor Kamala Nivas, Puttanna Road, Basavangudi, Bangalore-560 004 | |
| Yamunanagar | Jagdhari Road, Above UCO Bank, Near D.A.V. Girls College, Yamuna Nagar-135 001 | B-V, 185/A, 2nd Floor, Jagadri Road, Near DAV Girls College, (UCO Bank Building) Pyara Chowk, Yamunanagar-135 001, Haryana | |
| Calicut | First Floor, Savithri Building, Opp. Fathima Hospital, Bank Road, Calicut-673 001 | Second Floor, Manimuriyil Centre, Bank Road, Kasaba Village, Calicut-673 001 | |
| Ghaziabad | 1st Floor C-7, Lohia Nagar, Ghaziabad-201 001 | FF-31, Konark Building, Rajnagar-201 003, Ghaziabad, (U.P.) | |
| Haridwar | 7, Govindpuri, Opposite 1-India Mart, Above Raj Electricals, Ranipur More, Haridwar- 249 401 | Shop No.-17, Bhatia Complex, Near Jamuna Palace-249 401 Haridwar, Uttarakhand. | January 20, 2020 |
| Tirupur | First floor, 244 A, Above Selvakumar Dept Stores, Palladam Road, Opp to Cotton market complex, Tirupur-641 604 | No 669A, Kamaraj Road, Near Old Collector Office, Tirupur-641 604 | |
| Begusarai | Hotel Diamond, Surbhi Complex, Near I.O.C Township Gate, Kapasiya Chowk, Begusarai-851 117 | C/o Dr Hazari Prasad Sahu, Ward No 13, Behind Alka Cinema, Begusarai-851 117, Bihar | |
| Gulbarga | CTS No. 2913, First Floor, Asian Tower, Next To Hotel Aditya, Jagat Station Main Road, Gulbarga-585 105 | H No 2-231, Krishna Complex, 2nd Floor, Opp. Municipal Corporation Office, Jagat Station Main Road, Kalaburagi-585 105 | |
| Jamshedpur | 2nd Floor, R R Squares Shop Area, Near Reliance Foot Print & Hotel, BS Park Plaza, Main Road, Bistupur, Jamshedpur-831 001 | Madhukunj, 3rd Floor, No. 1 Q Road, Sakchi, Bistupur, East Singhbhum, Jamshedpur-831 001, Jharkhand | January 31, 2020 |
| Siliguri | Nanak Complex, Sevoke Road, Siliguri-734 001 | 2nd Floor, Nanak Complex, Sevoke Road, Siliguri-734 001 | |
| Chandigarh | SCO-2423-2424, 1st Floor, Sector 22-C-Chandigarh-160 022 | First floor, SCO 2469-70, Sec. 22-C, Chandigarh-160 022 | |
| Kharagpur | 180 Malancha Road, Beside Axis Bank Ltd, Kharagpur-721 304 | SBI Building, Malancha Road, Holding No 254/220, Ward No. 16-721301, PO: Kharagpur, PS: Kharagpur, Dist: Paschim Medinipur, West Bengal | February 01, 2020 |
| Ludhiana | Sco-136, 1st Floor, Above Airtel Showroom, Feroze Gandhi Market, Ludhiana-141 001 | H No 13.Sec-27-A, Chandigarh-160 027 | February 03, 2020 |

**Note:** This Notice cum addendum forms an integral part of the SAI, SID & KIM of the Fund read with the addenda issued thereunder. All other terms and conditions mentioned in the SAI, SID & KIM shall remain unchanged.

**For BNP Paribas Asset Management India Private Limited**
(Investment Manager to BNP Paribas Mutual Fund)
Sd/-
Jyothi Krishnan
Head of Compliance, Legal & Secretarial

**Date** : January 10, 2020
**Place** : Mumbai

**MUTUAL FUND INVESTMENTS ARE SUBJECT TO MARKET RISKS, READ ALL SCHEME RELATED DOCUMENTS CAREFULLY.**

# ਸਿੱਖਿਆ ਪ੍ਰਣਾਲੀ ਵਿੱਚ ਸਜ਼ਾ ਅਤੇ ਇਨਾਮ

**ਸੁੱਚਾ ਸਿੰਘ ਖੱਟੜਾ**



ਮਨੁੱਖ ਨੇ ਆਪਣੀ ਜ਼ਿੰਦਗੀ ਦੇ ਅਮਲ ਵਿੱਚ ਇਨਾਮ ਅਤੇ ਸਜ਼ਾ 'ਚ ਇੱਕੋ ਤਰ੍ਹਾਂ ਦਾ ਕਰਿਸ਼ਮਾ ਵੇਖਿਆ। ਦੋਨੋਂ ਚਾਲਕ ਦਾ ਕੰਮ ਕਰਦੇ ਹਨ ਪਰ ਲੱਗਦਾ ਹੈ ਜ਼ਿੰਦਗੀ ਦੇ ਇਸ ਅਮਲ ਵਿੱਚ ਸਜ਼ਾ ਚਾਲਕ ਸ਼ਕਤੀ ਦਾ ਗਿਆਨ ਮਨੁੱਖ ਨੂੰ ਪਹਿਲਾਂ ਹੋਇਆ। ਘੋੜੇ ਨੂੰ ਉਸ ਦੀ ਪੂਰੀ ਸ਼ਕਤੀ ਨਾਲ ਦੌੜਾਉਣ ਲਈ ਚਾਬੁਕ ਅਤੇ ਦਲ-ਦਲ ਵਿੱਚੋਂ ਗੱਡਾ ਬਾਹਰ ਕੱਢਣ ਲਈ ਬਲਦਾਂ ਨੂੰ ਇੱਕੋ ਜਿਹਾ ਕੰਮ ਕਰਦੇ ਵੇਖਿਆ, ਮਨੁੱਖ ਦਾ ਇਹ ਰੋਜ਼ ਦਾ ਅਮਲ ਸੀ। ਉਹੀ ਚਾਬੁਕ-ਪ੍ਰੈਣੀ-ਡੰਡਾ ਗੁਰੂ ਦੇ ਹੱਥ ਆ ਗਿਆ। ਮਜ਼ਾ ਇਹ ਹੈ ਕਿ ਸਦੀਆਂ ਤੋਂ ਗੁਰੂ ਵੱਲੋਂ ਵਰਤਿਆ ਜਾਂਦਾ ਇਹ ਯੰਤਰ ਗੁਰੂ ਦੇ ਸਤਿਕਾਰ ਨੂੰ ਘਟਾ ਨਾ ਸਕਿਆ।

ਸਮਾਂ ਬਦਲਣ ਨਾਲ ਸਿੱਖਿਆ ਪ੍ਰਣਾਲੀ ਵਿੱਚੋਂ ਸਰੀਰਕ ਅਤੇ ਮਾਨਸਿਕ ਸਜ਼ਾ ਨੇ ਆਲੋਪ ਹੋਣਾ ਹੀ ਸੀ। ਬੱਚਿਆਂ ਦੇ ਸਿੱਖਿਆ ਅਧਿਕਾਰ ਐਕਟ 2009 ਦੇ ਚੈਪਟਰ 4 ਸੈਕਸ਼ਨ 17 ਵਿੱਚ ਸਰੀਰਕ ਸਜ਼ਾ ਨੂੰ ਕਾਨੂੰਨੀ ਤੌਰ 'ਤੇ ਬੰਦ ਕਰ ਦਿੱਤਾ ਗਿਆ। ਸਕੂਲਾਂ ਵਿੱਚ ਕਈ ਸਥਿਤੀਆਂ ਹਾਲੇ ਵੀ ਅਜਿਹੀਆਂ ਆ ਜਾਂਦੀਆਂ ਹਨ, ਜਿਥੇ ਅਧਿਆਪਕ ਕਈ ਵਾਰ ਬੱਚੇ ਦੀ ਭਲਾਈ ਜਾਂ ਉਸਦੇ ਪਰਿਵਾਰ ਜਾਂ ਸਮਾਜ ਜਾਂ ਫਿਰ ਆਪਣੀ ਹੀ ਸੰਸਥਾ ਦੀ ਭਲਾਈ ਲਈ ਸਰੀਰਕ ਸਜ਼ਾ ਦੇ ਬੈਠਦਾ ਹੈ। ਬਹੁਤੇ ਮਾਪੇ ਹਾਲੇ ਵੀ ਅਜਿਹੇ ਹਨ, ਜਿਹੜੇ ਸਕੂਲ ਜਾ ਕੇ ਆਪਣੇ ਬੱਚੇ ਨੂੰ ਸਜ਼ਾ ਦੇਣ ਦੀ ਅਧਿਆਪਕ ਨੂੰ ਆਪ ਖੁਲ੍ਹ ਦੇ ਆਉਂਦੇ ਹਨ। ਖੈਰ, ਸਰੀਰਕ ਸਜ਼ਾ ਦੀ ਹੁਣ ਸਿੱਖਿਆ ਪ੍ਰਣਾਲੀ ਵਿੱਚ ਕੋਈ ਥਾਂ ਨਹੀਂ। ਨਵੀਂ ਅਵਸਥਾ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਨਵੀਆਂ ਤੰਦਾਂ ਉਸਾਰਨ ਦਾ ਮੌਕਾ ਆ ਗਿਆ ਹੈ। ਇਸ ਵਿੱਚ ਨਿਸ਼ਚੈ ਹੀ ਅਧਿਆਪਕ ਦਾ ਸਤਿਕਾਰ ਵਧੇਗਾ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਧਿਆਪਕ ਵੱਲੋਂ ਸਜ਼ਾ ਦੇਣ ਦਾ ਪੁਰਾਣਾ ਵਰਤਾਰਾ ਜਾਣੇ ਅਣਜਾਣੇ ਉਸਦੀ ਆਪਣੀ ਕਾਰਗੁਜਾਰੀ ਨਾਲ ਵੀ ਜੁੜਿਆ ਸੀ। ਹਰ ਜਮਾਤ ਵਿੱਚ ਅਜਿਹੇ ਬੱਚਿਆਂ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਿਥੇ ਸ਼ਾਬਾਸ਼ ਅਸਫ਼ਲ ਰਹਿੰਦੀ ਹੈ। ਇਸ ਅਸਫ਼ਲਤਾ ਪਿੱਛੇ ਬੱਚੇ ਦੇ ਪਰਿਵਾਰ ਅਤੇ ਆਲੇ ਦੁਆਲੇ ਅਤੇ ਸਕੂਲ ਤੋਂ ਉਸ ਦੇ ਬਾਹਰ ਦੇ ਸਮੇਂ ਨਾਲ ਜੁੜੇ ਕਈ ਕਾਰਨ ਹੋ ਸਕਦੇ ਹਨ, ਜਿਨ੍ਹਾਂ ਲਈ ਅਧਿਆਪਕ ਉਕਾ ਹੀ ਜ਼ਿੰਮੇਵਾਰ ਨਹੀਂ ਹੁੰਦਾ। ਇਸ ਲਈ ਬੱਚੇ ਦੀ ਕਾਰਗੁਜਾਰੀ ਅਧਿਆਪਕ ਦੀ ਕਾਰਗੁਜਾਰੀ ਦਾ ਪੈਮਾਨਾ ਹੋਣਾ ਤਾਂ ਚਾਹੀਦਾ ਹੈ ਪਰ ਉਪਰੋਕਤ ਸੱਚ ਨੂੰ ਵੀ ਇਸ ਮੁਲਾਂਕਣ ਵਿੱਚ ਥਾਂ ਮਿਲਣੀ ਚਾਹੀਦੀ ਹੈ। ਉਂਝ ਬੱਚੇ ਦੀ ਕਾਰਗੁਜਾਰੀ ਨਾਲ ਅਧਿਆਪਕ ਨੂੰ ਜੋ ਮਾਨਸਿਕ ਸੰਤੁਸ਼ਟੀ ਮਿਲਦੀ ਹੈ, ਉਹ ਵੀ ਇੱਕ ਚਾਲਕ ਦਾ ਕੰਮ ਕਰਦੀ ਹੈ।

ਸਮਾਜ ਦੇ ਵਿਕਾਸ ਲਈ ਸਿੱਖਿਆ ਸਭ ਤੋਂ ਮਹੱਤਵਪੂਰਨ ਲੋੜ ਹੈ। ਬਿਨਾਂ ਦਿੱਤਿਆਂ ਅਤੇ ਬਿਨਾਂ ਪ੍ਰਾਪਤ ਕੀਤਿਆਂ ਇਸ ਦਾ ਹਾਸਲ ਹੋਣਾ ਸੰਭਵ ਨਹੀਂ। ਬਚਪਨ ਵਿੱਚ ਸਿੱਖਿਆ ਹਾਸਲ ਕਰਨ ਦਾ ਬੱਚੇ ਵਿੱਚ ਸੁਚੇਤ ਯਤਨ ਨਹੀਂ ਹੁੰਦਾ ਕਿਉਂਕਿ ਉਹ ਆਪਣੇ ਭਵਿੱਖ ਦੀਆਂ ਚਿੰਤਾਵਾਂ ਤੋਂ ਮੁਕਤ ਹੁੰਦਾ ਹੈ। ਇਸ ਅਵਸਥਾ ਵਿੱਚ ਮੁਕਾਬਲੇ ਇੱਕ ਚਾਲਕ ਦਾ ਕੰਮ ਕਰਦੇ ਹਨ ਅਤੇ ਇਹ ਅਧਿਆਪਕ ਅਤੇ ਵਿਦਿਆਰਥੀ ਦੋਨਾਂ ਲਈ ਇੱਕੋ ਜਿਹਾ ਕਾਰਗਰ ਸਾਧਨ ਹੈ। ਸ਼ਾਬਾਸ਼ ਦੀ ਸੀਮਾ ਸੀਮਤ ਹੈ, ਇਹ ਮੁਕਾਬਲੇ ਦੀ ਭਾਵਨਾ ਉਨੀ ਨਹੀਂ ਪੈਦਾ ਕਰਦੀ, ਜਿੰਨਾ ਇਨਾਮ। ਇਨਾਮ ਦੇ ਨਾਲ ਦਿੱਤੀ ਜਾਣ ਵਾਲੀ ਸ਼ਾਬਾਸ਼ ਜ਼ਿਆਦਾ ਅਸਰਦਾਰ ਬਣਦੀ ਹੈ ਅਤੇ ਇਨਾਮ ਦੀ ਕੀਮਤ ਵੀ ਵਧਾ ਜਾਂਦੀ ਹੈ। ਸਿੱਖਿਆ ਸੁਧਾਰਾਂ ਵਿੱਚ ਮੁਕਾਬਲੇ ਅਤੇ ਪ੍ਰਤੀਯੋਗਤਾਵਾਂ ਇੱਕ ਜ਼ਰੂਰੀ ਪਹਿਲੂ ਨੂੰ ਸਮਝਣਾ ਚਾਹੀਦਾ ਹੈ ਪਰ ਇਸ ਵੱਲ ਹਾਲੇ ਬਣਦਾ ਧਿਆਨ ਨਹੀਂ ਦਿੱਤਾ ਜਾ ਰਿਹਾ। ਬਹੁਤੇ ਅਧਿਆਪਕ ਜਮਾਤ ਪੱਧਰ 'ਤੇ ਮੁਕਾਬਲੇ ਨੂੰ ਚਾਲਕ ਸ਼ਕਤੀ ਵਜੋਂ ਖੂਬ ਵਰਤੋਂ ਕਰਦੇ ਹਨ।

ਅਜਿਹੇ ਯਤਨਾਂ ਦੇ ਸਿੱਟੇ ਅਧਿਆਪਕ ਨੂੰ ਆਪਣੇ ਜੀਵਣ ਵਿੱਚ ਵੇਖਣ ਦੇ ਸੁਭਾਗ ਵੀ ਪ੍ਰਾਪਤ ਹੁੰਦੇ ਰਹਿੰਦੇ ਹਨ। ਲੇਖਕ ਨੂੰ ਕਿਸੇ ਮਸਲੇ ਲਈ ਅਦਾਲਤ ਦਾ ਸਹਾਰਾ ਲੈਣ ਲਈ ਕੋਰਟ ਵਿੱਚ ਸਿਆਣੇ ਅਤੇ ਸਫਲ ਵਕੀਲ ਰਾਹੀਂ ਹੀ ਜਾਣਾ ਸੀ। ਵਕੀਲ ਬਣੇ ਆਪਣੇ ਵਿਦਿਆਰਥੀ ਨੇ ਮਸਲਾ ਸੁਣਾਇਆ ਅਤੇ ਕੇਸ ਦਾਇਰ ਕਰਨ ਲਈ ਜ਼ਰੂਰੀ ਕਾਗਜ਼ਾਤ ਲੈ ਲਏ। ਫੀਸ ਪੁੱਛੀ ਤਾਂ ਜਵਾਬ ਮਿਲਿਆ 'ਸਰ ਅਸੀਂ ਤੁਹਾਡੇ ਕੋਲ ਦਸਵੀਂ ਤੱਕ ਅੰਗਰੇਜ਼ੀ ਪੜ੍ਹੀ। ਆਪ ਵੱਲੋਂ ਇਨਾਮ ਤਾਂ ਬਹੁਤ ਵਾਰੀ ਲਏ ਪਰ ਇੱਕ ਵਾਰ ਦੇ ਦਿੱਤੇ 26 ਰੁਪਏ ਮੈਨੂੰ ਕਦੇ ਨਹੀਂ ਭੁਲਦੇ। ਨਮਾਹੀ ਇਮਤਿਹਾਨ ਦੀ ਤਿਆਰੀ ਤੁਸੀਂ ਜਮਾਤ ਵਿੱਚ ਆਉਂਦਿਆਂ ਸਾਰ 101/- ਰੁਪਏ ਮੇਜ਼ 'ਤੇ ਰੱਖ ਕੇ ਕਿਹਾ ਸੀ ਕਿ ਜਿਸਦੇ 95 ਫ਼ੀਸਦੀ ਤੋਂ ਉਪਰ ਨੰਬਰ ਹੋਣਗੇ, ਇਹ ਇਨਾਮ ਉਸ ਦਾ। ਪੇਪਰ ਵਿੱਚ ਅਸੀਂ ਚਾਰ ਵਿਦਿਆਰਥੀਆਂ ਨੇ 95 ਫ਼ੀਸਦੀ ਤੋਂ ਵੱਧ ਨੰਬਰ ਪ੍ਰਾਪਤ ਕੀਤੇ 101 ਰੁਪਏ ਸਾਡੇ ਵਿੱਚ ਵੰਡ ਦਿੱਤੇ ਗਏ। ਮੇਰੇ ਹਿੱਸੇ 26 ਰੁਪਏ ਆਏ ਕਿਉਂਕਿ ਮੇਰੇ ਨੰਬਰ ਉਨ੍ਹਾਂ ਸਭ ਤੋਂ ਵੱਧ ਸਨ। ਇਹ ਗੱਲ 25 ਵਰ੍ਹੇ ਪੁਰਾਣੀ ਹੈ। ਸੋ ਤੁਹਾਡੇ ਵੱਲੋਂ 25 ਵਰ੍ਹੇ ਪਹਿਲਾਂ ਮੈਨੂੰ ਫੀਸ ਆ ਚੁੱਕੀ ਹੈ।' ਉਹ ਫੀਸ ਲੈਣ ਲਈ ਰਾਜੀ ਨਾ ਹੋਇਆ। ਖੇਡਾਂ ਦੇ ਖੇਤਰ ਵਿੱਚ ਮੁਕਾਬਲੇ ਅਤੇ ਪ੍ਰਤੀਯੋਗਤਾਵਾਂ ਪ੍ਰਾਚੀਨ ਸਮੇਂ ਤੋਂ ਹਨ। ਕਿਉਂਕਿ ਸਿੱਖਿਆ ਬੱਚੇ ਦੇ ਸਰਬਪੱਖੀ ਵਿਕਾਸ ਨਾਲ ਸਬੰਧਿਤ ਅਮਲ ਹੈ। ਸਿੱਖਿਆ ਵਿੱਚ ਵਜ਼ੀਫ਼ਾ ਪ੍ਰਣਾਲੀ ਇਨਾਮ ਦੇ ਰੂਪ ਵਿੱਚ ਪਹਿਲਾਂ ਤੋਂ ਹੈ ਪਰ ਉਹ ਪ੍ਰਣਾਲੀ ਵਿਆਪਕ ਨਹੀਂ, ਸੀਮਤ ਬੱਚਿਆਂ ਤੱਕ ਮਹਿਦੂਦ ਰਹਿੰਦੀ ਹੈ ਅਤੇ ਨਿਰੰਤਰ ਵੀ ਨਹੀਂ। ਹੋਰ ਤਾਂ ਹੋਰ ਖੇਡਾਂ ਵੀ ਸਾਰਿਆਂ ਬੱਚਿਆਂ ਨੂੰ ਸ਼ਮੂਲੀਅਤ ਨਹੀਂ ਦਿੰਦੀਆਂ। ਬਹੁਤ ਸਾਰੇ ਸਕੂਲਾਂ ਵਿੱਚ ਤਾਂ ਖੋ-ਖੋ ਜਾਂ ਕਬੱਡੀ ਲਈ ਵੀ ਥਾਂ ਨਹੀਂ ਹੈ। ਸਿੱਖਿਆ ਪ੍ਰਣਾਲੀ ਵਿੱਚ ਮੁਕਾਬਲਾ ਅਧਿਆਪਕਾਂ ਅੰਦਰ ਵੀ ਚਾਲਕ ਸ਼ਕਤੀ ਦਾ ਕੰਮ ਕਰਦਾ ਹੈ। ਕੁਦਰਤੀ ਤੌਰ 'ਤੇ ਮੁਕਾਬਲਾ ਸਾਹਮਣੇ ਹੋਵੇ ਤਾਂ ਅਧਿਆਪਕ ਮੁਕਾਬਲੇ ਨੂੰ ਸਾਹਮਣੇ ਰੱਖ ਕੇ ਆਪਣੇ ਵੱਲੋਂ ਕੀਤੇ ਜਾਂ ਰਹੇ ਕੰਮ ਬਾਰੇ ਬਰਾਬਰ ਸੋਚੇਗਾ, ਸੁਧਾਰੇਗਾ ਅਤੇ ਇਸ ਸੋਚਣ ਅਤੇ ਸੁਧਾਰਨ ਦੇ ਅਮਲ ਵਿੱਚ ਉਸ ਦਾ ਆਪਣਾ ਨਿਰੰਤਰ ਵਿਕਾਸ ਹੁੰਦਾ ਹੈ। ਉਸ ਦੀ ਆਪਣੀ ਪ੍ਰਤੀਬੱਧਤਾ ਅਚੇਤ ਰੂਪ ਵਿੱਚ ਵਿਕਸਤ ਹੁੰਦੀ ਹੈ। ਕੰਮ ਪੂਰਾ ਹੋ ਨਿਬੜਦਾ ਹੈ।

ਜਿਵੇਂ ਪਹਿਲਾਂ ਹੀ ਦੱਸਿਆ ਗਿਆ ਹੈ, ਅਨੇਕਾਂ ਅਨੇਕਾਂ ਅਧਿਆਪਕ ਆਪਣੇ ਪੱਧਰ 'ਤੇ ਕਲਾਸ ਨੂੰ ਅੰਦਰ ਆਪਣੇ-ਆਪਣੇ ਵਿਸ਼ੇ ਵਿੱਚ ਮੁਕਾਬਲੇ ਨਿੱਤ ਕਰਵਾਉਂਦੇ ਹਨ। ਉਂਝ ਕਲਾਸ ਰੂਮ ਅੰਦਰ ਮੁਕਾਬਲਾ ਕਰਾਉਣ ਲਈ ਸਮੇਂ ਦੀ ਘਾਟ ਵੱਡੀ ਰੁਕਾਵਟ ਹੈ। ਮਿਸਾਲ ਲਈ ਬੋਰਡ 'ਤੇ ਜਾਂ ਜ਼ੁਬਾਨੀ ਮੁਕਾਬਲੇ ਲਈ ਮਜਬੂਨ ਉਤਾਰਨ ਲਈ ਸਮਾਂ ਲੱਗਦਾ ਹੈ। ਸਮਾਂ ਬਚ ਸਕਦਾ ਹੈ, ਜੇਕਰ ਹਰ ਸਕੂਲ ਵਿੱਚ ਇੱਕ ਜਾਂ ਦੋ ਕਮਰੇ ਨਿਰੋਲ ਇਸ ਕੰਮ ਦੀ ਵਰਤੋਂ ਲਈ ਰਾਖਵੇਂ ਹੋਣ। ਹਰ ਕਮਰੇ ਵਿੱਚ ਦੋ-ਦੋ ਬਲੈਕ ਬੋਰਡ ਹੋਣ, ਅਧਿਆਪਕ ਆਪਣੇ ਵਿਹਲੇ ਸਮੇਂ ਵਿੱਚ ਮੁਕਾਬਲੇ ਲਈ ਪ੍ਰਸ਼ਨ ਸਮੱਗਰੀ ਬੋਰਡ ਉੱਤੇ ਉਤਾਰ ਛੱਡੇ ਅਤੇ ਸਬੰਧਿਤ ਜਮਾਤ ਪੀਰੀਅਡ ਸ਼ੁਰੂ ਹੁੰਦਿਆਂ ਹੀ ਉਸ ਕਮਰੇ ਵਿੱਚ ਪ੍ਰਸ਼ਨ ਸਮੱਗਰੀ ਹਾਸਲ ਕਰਨ ਲਈ ਕਮਰੇ ਵਿੱਚ ਜਾ ਵੜੇ। ਵਧੇਰੇ ਲਾਭਕਾਰੀ ਹੋਵੇ ਜੇਕਰ ਵਿਦਿਆਰਥੀਆਂ ਦੀ ਕਾਰਗੁਜਾਰੀ ਦਾ ਮੁਲਾਂਕਣ ਵਿਦਿਆਰਥੀਆਂ ਵੱਲੋਂ ਹੀ ਇੱਕ ਦੂਜੇ ਤੋਂ ਕਰਾਇਆ ਜਾਵੇ। ਪ੍ਰਸ਼ਨ ਸਮੱਗਰੀ ਇੰਨੀ ਕੁ ਹੀ ਹੋਣੀ ਚਾਹੀਦੀ ਹੈ, ਜਿਸਦਾ ਨਤੀਜਾ ਪੀਰੀਅਡ ਵਿੱਚ ਐਲਾਨ ਹੋ ਸਕੇ। ਮੁਕਾਬਲੇ ਦਾ ਨਤੀਜਾ ਵਿਅਕਤੀਗਤ ਹੋਣ ਦੇ ਨਾਲ ਨਾਲ ਗਰੁੱਪ ਅਧਾਰਿਤ ਵੀ ਦਿੱਤਾ ਜਾਣਾ ਚਾਹੀਦਾ ਹੈ। ਹਰ ਗਰੁੱਪ ਦੇ ਕੁੱਲ ਅੰਕ ਜੋੜ ਕੇ ਔਸਤ ਦੇ ਆਧਾਰ 'ਤੇ ਗਰੁੱਪ ਦਾ ਨਤੀਜਾ ਦੇਣਾ ਚਾਹੀਦਾ ਹੈ। ਗਰੁੱਪ ਕੁੜੀਆਂ ਮੁੰਡਿਆਂ ਦੇ ਆਧਾਰ 'ਤੇ ਜਾਂ ਰੋਲ ਨੰਬਰਾਂ ਦੇ ਆਧਾਰ 'ਤੇ ਬਣਾਏ ਜਾ ਸਕਦੇ ਹਨ।

ਸਿੱਖਿਆ ਸਕੱਤਰ ਵੱਲੋਂ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਨੂੰ ਵੱਡੇ ਪੱਧਰ 'ਤੇ ਸਨਮਾਨਿਤ ਕਰਨ ਦੀ ਸ਼ਲਾਘਾਯੋਗ ਪਿਰਤ ਉਨ੍ਹਾਂ ਅੰਦਰ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹ ਦੇ ਕੇ ਚਾਲਕ ਦਾ ਕੰਮ ਕਰੇਗੀ। ਵਿਦਿਆਰਥੀਆਂ ਅੰਦਰ ਇਹ ਭਾਵਨਾ ਭਰਣ ਲਈ ਵਿੱਤੀ ਪ੍ਰਬੰਧਾਂ ਦੀ ਲੋੜ ਹੈ, ਜੋ ਸਰਕਾਰ ਦੀ ਸਹਾਇਤਾ ਬਿਨਾਂ ਨਹੀਂ ਹੋ ਸਕਦੇ। ਉਂਝ ਯਾਦ ਰਹਿਣਾ ਚਾਹੀਦਾ ਹੈ ਕਿ ਮੁਕਾਬਲੇ ਨੂੰ ਹੁਣ ਸਰੀਰਕ ਸਜ਼ਾ ਦੇ ਵਿਗਿਆਨਿਕ ਬਦਲ ਦੇ ਰੂਪ ਵਿੱਚ ਅਪਣਾਉਣਾ ਹੈ। ਇਸ ਕਾਰਜ ਦੀ ਅਗਵਾਈ ਲਈ ਵਿਭਾਗ ਹੀ ਨੋਡਲ ਬਿੰਦੂ ਹੋਣਾ ਚਾਹੀਦਾ ਹੈ ਅਤ? ਮੌਜੂਦਾ ਸਮੇਂ ਵਿੱਚ ਮੁੱਖ ਮੰਤਰੀ, ਸਿੱਖਿਆ ਮੰਤਰੀ ਅਤੇ ਸਮੁੱਚੀ ਸਰਕਾਰ ਨੂੰ ਚਾਹੀਦਾ ਹੈ ਕਿ ਕੋਈ ਅਜਿਹੀਆਂ ਪਿਰਤਾਂ ਪਾਉਣ, ਜੋ ਆਉਣ ਵਾਲੇ ਸਮਿਆਂ ਵਿੱਚ ਸਿੱਖਿਆ ਮਿਆਰ ਸੁਧਾਰਨ ਵਿੱਚ ਹਿੱਸਾ ਪਾਉਂਦੀਆਂ ਜਾਣ।

ਸ਼ਾਇਦ ਇਸੇ ਪੱਖ ਨੂੰ ਮੁੱਖ ਰੱਖਦਿਆ ਖੇਡਾਂ ਤੋਂ ਬਾਹਰ ਨਿਕਲ ਕੇ ਪੜ੍ਹਾਈ ਦੇ ਵਿਸ਼ਿਆਂ ਦੇ ਮੁਕਾਬਲਿਆਂ ਬਾਰੇ ਸੋਚਿਆ ਜਾਣ ਲੱਗਾ ਹੈ। ਉਂਝ ਵਿਗਿਆਨ ਪ੍ਰਦਰਸ਼ਨੀਆਂ, ਵਿਗਿਆਨ ਅਤੇ ਕੰਪਿਊਟਰ ਕੁਇੰਜ਼ ਮੁਕਾਬਲੇ ਵੱਖ-ਵੱਖ ਕਲਾਸਾਂ ਦੀ ਥਾਂ ਉਮਰ ਗੁੱਟਾਂ ਦੇ ਆਧਾਰ 'ਤੇ ਪਹਿਲਾਂ ਤੋਂ ਜਾਰੀ ਹਨ। ਇਸ ਦੇ ਬਾਵਜੂਦ ਬਹੁਤ ਕੁਝ ਕਰਨਾ ਬਾਕੀ ਹੈ, ਜਿਸ ਨਾਲ ਬਾਕੀ ਵਿਸ਼ਿਆਂ ਵਿੱਚ ਵੀ ਮੁਕਾਬਲੇ ਅਤੇ ਪ੍ਰਤੀਯੋਗਤਾਵਾਂ ਦੀ ਗਿਣਤੀ ਵਧਣੀ ਚਾਹੀਦੀ ਹੈ। ਵਿਸ਼ਿਆ ਵਿੱਚ ਮੁਕਾਬਲੇ ਲਈ ਤਿਆਰੀ ਤਾਂ ਭਾਵੇਂ ਅਧਿਆਪਕ ਨੇ ਆਪਣੇ ਨਿੱਤ ਦੇ ਕੰਮ ਨਾਲ ਜੋੜ੍ਹਕੇ ਕਰਾਉਣੀ ਹੁੰਦੀ ਹੈ ਪਰ ਵਿਦਿਆਰਥੀਆਂ ਨੂੰ ਬਲਾਕ, ਜ਼ਿਲ੍ਹਾ, ਅੰਤਰ ਮੰਡਲ ਅਤੇ ਸੂਬੇ ਤੱਕ ਲੈ ਜਾਣ ਵਿੱਚ ਸਮੇਂ ਦੀ ਬਰਬਾਦੀ ਅਤੇ ਕਈ ਸਕੂਲਾਂ ਵਿੱਚ ਪ੍ਰਬੰਧਕੀ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਇਸ ਲਈ ਵਿਸ਼ਿਆਂ ਦੇ ਇਨ੍ਹਾਂ ਮੁਕਾਬਿਲਆਂ ਲਈ ਪ੍ਰਸ਼ਨ ਸਮੱਗਰੀ ਸੂਬਾਈ ਪੱਧਰ 'ਤੇ ਤਿਆਰ ਕਰਵਾ ਕੇ ਮੁਕਾਬਲਾ ਬਲਾਕ ਪੱਧਰ 'ਤੇ ਹੀ ਹੋਣਾ ਚਾਹੀਦਾ ਹੈ। ਬਲਾਕ ਤੋਂ ਪਹਿਲਾਂ ਜਮਾਤ ਅਤੇ ਵਿਸ਼ੇ ਦਾ ਪਹਿਲਾਂ ਮੁਕਾਬਲਾ ਸਕੂਲ ਪੱਧਰ 'ਤੇ ਹੋਣਾ ਚਾਹੀਦਾ ਹੈ। ਇਸ ਮੁਕਾਬਲੇ ਦੀ ਪ੍ਰਸ਼ਨ ਸਮੱਗਰੀ ਸਕੂਲ ਨੂੰ ਹੀ ਤਿਆਰ ਕਰਨੀ ਚਾਹੀਦੀ ਹੈ। ਸਕੂਲ 'ਚੋਂ ਫਸਟ, ਸੈਕਿੰਡ ਅਤੇ ਥਰਡ ਨੂੰ ਹੀ ਬਲਾਕ ਮੁਕਾਬਲੇ ਵਿੱਚ ਲਿਜਾਣਾ ਚਾਹੀਦਾ ਹੈ। ਬਲਾਕਾਂ ਦੇ ਨਤੀਜੇ ਦੇ ਆਧਾਰ 'ਤੇ ਜ਼ਿਲ੍ਹਾ ਪੱਧਰ ਦੇ ਨਤੀਜੇ ਦਾ ਐਲਾਨ ਹੋਣਾ ਚਾਹੀਦਾ ਹੈ, ਅਗਲਾ ਅਤੇ ਅੰਤਿਮ ਮੁਕਾਬਲਾ ਸੂਬਾਈ ਹੋਣਾ ਚਾਹੀਦਾ ਹੈ, ਜਿਸ ਦੇ ਕੇਂਦਰ ਇੱਕ ਤੋਂ ਵੱਧ ਕਰਨੇ ਚਾਹੀਦੇ ਹਨ। ਹਰ ਜਮਾਤ ਲਈ ਹਰ ਵਿਸ਼ੇ ਦੇ ਮੁਕਾਬਲਿਆਂ ਦੇ ਪ੍ਰਾਪਤ ਅੰਕਾਂ ਦੇ ਕੁੱਲ ਜੋੜ ਨੂੰ ਸਕੂਲ ਪ੍ਰਾਪਤੀ ਦੇ ਖਾਤੇ ਵਿੱਚ ਜੋੜਨਾ ਚਾਹੀਦਾ ਹੈ। ਇਸ ਤਰ੍ਹਾਂ ਜ਼ਿਲ੍ਹਾ ਪੱਧਰ ਅਤੇ ਸੂਬਾ ਪੱਧਰ 'ਤੇ ਵਧੀਆ ਕਾਰਗੁਜਾਰੀ ਵਾਲੇ ਸਕੂਲਾਂ ਲਈ ਵਿਸ਼ੇਸ਼ ਗਰਾਂਟਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਕਾਰਜ ਲਈ ਦੂਜੇ ਵਿਭਾਗਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਵਿਭਾਗਾਂ ਵੱਲੋਂ ਦਿੱਤੀਆਂ ਗਰਾਂਟਾਂ ਨੂੰ ਉਸ ਸਕੂਲ ਦੀ ਕਾਰਗੁਜਾਰੀ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੋੜਨਾ ਚਾਹੀਦਾ ਹੈ। ਇਸ ਤਰ੍ਹਾਂ ਸਰਕਾਰੀ ਸਕੂਲਾਂ ਦੀ ਵੁੱਕਤ ਵਧੇਗੀ ਅਤੇ ਵਿਦਿਆਰਥੀਆਂ ਦੀ ਗਿਣਤੀ ਵਧੇਗੀ। ਇਸ ਦੇ ਨਾਲ ਹੀ ਸਕੂਲ ਮੁਖੀ ਦੀ ਵੱਖਰੀ ਭੂਮਿਕਾ ਨੂੰ ਵੀ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਜਿਸ ਵੀ ਜਮਾਤ ਦੇ ਜਿਸ ਵੀ ਵਿਸ਼ੇ ਦੇ ਵਿਦਿਆਰਥੀ ਨੇ ਸੂਬਾ ਪੱਧਰ 'ਤੇ ਅੱਵਲ ਸਥਾਨ ਦੀ ਪ੍ਰਾਪਤੀ ਕੀਤੀ ਹੈ, ਉਸਦੇ ਸਬੰਧਿਤ ਅਧਿਆਪਕ ਨੂੰ ਵੀ ਸਨਮਾਨਿਤ ਕਰਨਾ ਚਾਹੀਦਾ ਹੈ। 550ਵੇਂ ਵਰ੍ਹੇ 'ਤੇ ਗਿਆਨ ਦਿਵਸ ਦਾ ਮੁਕਾਬਲਾ ਵਧੀਆ ਉਪਰਾਲਾ ਸੀ ਪਰ ਇਸਨੂੰ ਸ਼ਤਾਬਦੀਆਂ ਤੋਂ ਬਾਹਰ ਨਿਯਮਿਤ ਰੂਪ ਵਿੱਚ ਅਪਣਾਉਣ ਦੀ ਲੋੜ ਹੈ। ਇਸ ਗਿਆਨ ਦਿਵਸ ਦੇ ਮੁਕਾਬਲੇ ਦਾ ਵਧੀਆ ਪਹਿਲੂ ਇਹ ਵੀ ਹੈ ਕਿ ਇਸ ਤੋਂ ਵੀ ਇਹ ਸਿੱਖਿਆ ਮਿਲਦੀ ਹੈ ਕਿ ਮੁਕਾਬਲੇ ਲਈ ਟੀਮ ਦਾ ਆਧਾਰ ਸਕੂਲ ਨਹੀਂ ਜਮਾਤ ਅਤੇ ਵੱਖ ਵੱਖ ਵਿਸ਼ੇ ਹੋਣੇ ਚਾਹੀਦੇ ਹਨ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਮੁਕਾਬਲਿਆਂ ਨੂੰ ਵਾਧੂ ਭਾਰ ਦੀ ਥਾਂ ਸਿੱਖਿਆ ਸੁਧਾਰਾਂ ਲਈ ਇੱਕ ਕਾਰਗਰ ਵਿਧੀ ਦੇ ਰੂਪ ਵਿੱਚ ਅਪਣਾਉਣ ਅਤੇ ਇਨ੍ਹਾਂ ਦੇ ਸੰਚਾਲਨ ਨੂੰ ਹੋਰ ਬਿਹਤਰ ਬਣਾਉਣ ਲਈ ਨਿਰੰਤਰ ਸੁਝਾਅ ਦਿੰਦੇ ਰਹਿਣ। ਮੁਕਾਬਲਾ ਅਤੇ ਪ੍ਰਤੀਯੋਗਤਾ ਅਧਿਆਪਕ ਅਤੇ ਵਿਦਿਆਰਥੀ ਦੋਨਾਂ ਲਈ ਵਧੀਆ ਚਾਲਕ ਸ਼ਕਤੀ ਹੈ, ਜੋ ਦੋਨਾਂ ਵਿੱਚੋਂ ਕਿਸੇ ਨੂੰ ਵੀ ਹਕੇਵਾ ਅਤੇ ਥਕੇਵਾ ਨਹੀਂ ਹੋਣ ਦਿੰਦੀ।

ਸੰਪਰਕ: 9417652947

(ਧੰਨਵਾਦ ਪੰ.ਟ੍ਰਿ)


## ਮਿਲਕਫੂਡ ਲਿਮਟਿਡ

milkfood

ਸੀ ਆਈ ਐਨ : L15201PB1973PLC003746

**ਰਜਿਸਟਰਡ ਦਫਤਰ** : ਪੋਸਟ ਆਫਿਸ ਬਹਾਦੁਰਗੜ੍ਹ, ਜ਼ਿਲ੍ਹਾ : ਪਟਿਆਲਾ (ਪੰਜਾਬ)-147021

ਫੋਨ : 0175-2381404/2381415, ਫੈਕਸ : 0175-2380248

E-mail:milkfoodltd@milkfoodltd.com ; Website : www.milkfoodltd.com

### ਅਸਾਧਾਰਨ ਜਨਰਲ ਮੀਟਿੰਗ, ਬੁਕ ਕਲੋਜ਼ਰ ਅਤੇ ਈ-ਵੋਟਿੰਗ ਜਾਣਕਾਰੀ ਸਬੰਧੀ ਨੋਟਿਸ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ ਇੱਕ ਅਸਾਧਾਰਨ ਜਨਰਲ ਮੀਟਿੰਗ (ਈ ਜੀ ਐਮ) **ਸ਼ੁਕਰਵਾਰ, 7 ਫਰਵਰੀ, 2020 ਨੂੰ ਸਵੇਰੇ 9.00 ਵਜੇ ਕੰਪਨੀ ਦੇ ਰਜਿਸਟਰਡ ਦਫਤਰ ਪੋਸਟ ਆਫਿਸ ਬਹਾਦੁਰਗੜ੍ਹ, ਜ਼ਿਲ੍ਹਾ ਪਟਿਆਲਾ, ਪੰਜਾਬ-147021 ਵਿਖੇ ਹੋਣੀ ਨਿਰਧਾਰਤ ਹੋਈ ਹੈ।**

ਕੰਪਨੀਜ਼ ਐਕਟ, 2013, ਦੇ ਸੈਕਸ਼ਨ 91 ਦੇ ਅਨੁਸਾਰ, ਰੂਲ 10 ਬਾਬਤ ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟਰੇਸ਼ਨ) ਰੂਲਜ਼, 2014 ਅਤੇ ਸੈਬੀ ਦੇ ਰੈਗੂਲੇਸ਼ਨ 42 (ਲਿਸਟਿੰਗ ਓਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼, 2015, ਦੇ ਅਨੁਸਾਰ **ਕੰਪਨੀ ਦੇ ਮੈਂਬਰਾਂ ਦਾ ਰਜਿਸਟਰ ਅਤੇ ਸ਼ੇਅਰ ਟਰਾਂਸਫਰ ਕਿਤਾਬਾਂ ਸ਼ਨੀਵਾਰ, 1 ਫਰਵਰੀ, 2020 ਤੋਂ ਬੁੱਧਵਾਰ, 5 ਫਰਵਰੀ, 2020 (ਦੋਵੇਂ ਦਿਨ ਸ਼ਾਮਿਲ ਕਰਕੇ), ਈ.ਜੀ.ਐਮ ਦੇ ਮੰਤਵ ਲਈ ਬੰਦ ਰਹਿਣਗੀਆਂ।**

ਈ ਜੀ ਐਮ ਦਾ ਨੋਟਿਸ ਸਾਰੇ ਮੈਂਬਰਾਂ ਨੂੰ ਈ-ਮੇਲ ਰਾਹੀਂ ਭੇਜਿਆ ਜਾ ਚੁੱਕਾ ਹੈ ਜਿਹਨਾਂ ਦੇ ਈ ਮੇਲ IDs ਰਜਿਸਟਰਾਰ ਕੋਲ ਅਤੇ ਟਰਾਂਸਫਰ ਏਜੰਟ/ਡਿਪੋਜ਼ੀਟਰੀ ਪਾਰਟੀਸੀਪੈਂਟਸ ਕੋਲ ਦਰਜ ਹਨ। ਅਜਿਹੇ ਮੈਂਬਰ ਜਿਹਨਾਂ ਨੇ ਆਪਣੇ ਈ ਮੇਲ IDs ਰਜਿਸਟਰਡ ਨਹੀਂ ਕਰਾਏ ਜਾਂ ਉਹ ਜਿਹਨਾਂ ਨੇ ਫਿਜ਼ੀਕਲ ਕਾਪੀ ਲੈਣੀ ਪਸੰਦ ਕੀਤੀ ਹੈ ਉਹਨਾਂ ਨੂੰ 10 ਜਨਵਰੀ, 2020 ਨੂੰ ਉਪਰੋਕਤ ਦਸਤਾਵੇਜ਼ ਪ੍ਰਵਾਨਿਤ ਢੰਗ ਰਾਹੀਂ ਭੇਜੇ ਜਾ ਚੁੱਕੇ ਹਨ।

ਈ.ਜੀ.ਐਮ. ਦੀ ਸੂਚਨਾ ਕੰਪਨੀ ਦੀ ਵੈਬਸਾਈਟ www.milkfoodltd.com ਅਤੇ ਸੀ ਡੀ ਐਸ ਐਲ ਦੀ ਵੈਬਸਾਈਟ www.cdslindia.com ਤੇ ਵੀ ਉਪਲਬਧ ਹੈ।

ਇਹ ਸੂਚਨਾ ਵੀ ਦਿੱਤੀ ਜਾਂਦੀ ਹੈ ਕਿ ਕੰਪਨੀਜ਼ ਐਕਟ, 2013 ਦੇ ਸੈਕਸ਼ਨ 108 ਅਤੇ ਰੂਲ 20 ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟਰੇਸ਼ਨ) ਰੂਲਜ਼, 2014, ਜਿਵੇਂ ਕਿ ਸੋਧੇ ਹੋਏ, ਕੰਪਨੀਜ਼ (ਮੈਨੇਜਮੈਂਟ ਅਤੇ ਐਡਮਨਿਸਟਰੇਸ਼ਨ) ਸੋਧੇ ਹੋਏ ਰੂਲਜ਼, 2015 ਅਤੇ ਸੈਬੀ ਦੇ ਰੈਗੂਲੇਸ਼ਨ 44 (ਲਿਸਟਿੰਗ ਓਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼, 2015 ਕੰਪਨੀ ਰਿਮੋਟ ਈ-ਵੋਟਿੰਗ ਸਹੂਲਤ ਆਪਣੇ ਮੈਂਬਰਾਂ ਨੂੰ ਸਲਾਨਾ ਜਨਰਲ ਮੀਟਿੰਗ ਵਿੱਚ ਕੀਤੀ ਜਾਣ ਵਾਲੀ ਕਾਰਵਾਈ ਦੀਆਂ ਸਾਰੀਆਂ ਮਦਾਂ ਪੇਸ਼ ਕਰ ਰਹੀ ਹੈ। ਕੰਪਨੀ ਨੇ ਰਿਮੋਟ ਈ-ਵੋਟਿੰਗ ਸਹੂਲਤਾਂ ਦੀ ਵਿਵਸਥਾ ਕਰਨ ਲਈ ਸੈਂਟਰਲ ਡਿਪਾਜ਼ਟਰੀ ਸਰਵਿਸਜ਼ (ਇੰਡੀਆ) ਲਿਮਟਿਡ ("ਸੀ ਡੀ ਐਸ ਐਲ") ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ। ਈ-ਵੋਟਿੰਗ ਦੇ ਮੰਤਵ ਲਈ ਕਟ-ਆਫ ਤਾਰੀਖ **31 ਜਨਵਰੀ, 2020** ਹੈ।

ਈ-ਵੋਟਿੰਗ ਦੀਆਂ ਸੇਵਾਵਾਂ **www.evotingindia.com** ਨਾਲ ਸੰਪਰਕ ਜੋੜਨ ਤੇ ਇਸਤੇਮਾਲ ਕੀਤੀਆਂ ਜਾ ਸਕਦੀਆਂ ਹਨ। ਈ-ਵੋਟਿੰਗ ਦਾ ਤਰੀਕਾ ਉਪਰੋਕਤ ਵੈਬਸਾਈਟ ਤੇ ਉਪਲਬਧ ਹੈ ਨਾਲ ਹੀ ਨਾਲ ਈ ਜੀ ਐਮ ਦੀ ਸੂਚਨਾ ਵਿੱਚ ਵੀ ਹੈ। ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣਾ ਵੋਟ ਆਖਰੀ ਤਾਰੀਖ ਨੂੰ ਜਾਂ ਇਸ ਤੋਂ ਪਹਿਲੋਂ ਪਾਉਣ।

ਰਿਮੋਟ ਈ-ਵੋਟਿੰਗ ਸਹੂਲਤ **ਮੰਗਲਵਾਰ, 4 ਫਰਵਰੀ, 2020 ਨੂੰ 9.00 ਵਜੇ ਸਵੇਰੇ ਤੋਂ (ਭਾਰਤੀ ਸਟੈਂਡਰਡ ਸਮਾਂ) ਤੋਂ ਸ਼ੁਰੂ ਹੋਵੇਗੀ ਅਤੇ ਵੀਰਵਾਰ, 6 ਫਰਵਰੀ, 2020 ਨੂੰ 5.00 ਵਜੇ ਬਾਅਦ ਦੁਪਹਿਰ (ਭਾਰਤੀ ਸਟੈਂਡਰਡ ਟਾਈਮ) ਤੇ ਸਮਾਪਤ ਹੋਵੇਗੀ।** ਰਿਮੋਟ ਈ-ਵੋਟਿੰਗ ਸਹੂਲਤ ਉਪਰੋਕਤ ਤਾਰੀਖ ਅਤੇ ਸਮੇਂ ਤੋਂ ਅੱਗੇ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ।

ਉਹ ਵਿਅਕਤੀ ਜਿਹਨਾਂ ਦੇ ਨਾਂ ਮੈਂਬਰਾਂ/ਬੈਨੇਫੀਸ਼ੀਅਲ ਮਾਲਕਾਂ ਦੇ ਰਜਿਸਟਰ ਵਿੱਚ ਕਟ ਆਫ ਤਾਰੀਖ ਜਿਹੜੀ ਕਿ **31 ਜਨਵਰੀ,** 2020 ਹੈ ਵਿਚ ਦਰਜ ਹੈ ਕੇਵਲ ਉਹ ਹੀ ਰਿਮੋਟ ਈ-ਵੋਟਿੰਗ ਦੀ ਸਹੂਲਤ ਅਤੇ ਮੀਟਿੰਗ ਵਿੱਚ ਵੋਟਿੰਗ ਕਰਨ ਦੇ ਹੱਕਦਾਰ ਹੋਣਗੇ।

ਕੋਈ ਵਿਅਕਤੀ ਜਿਹੜਾ ਕੰਪਨੀ ਦਾ ਮੈਂਬਰ ਮੀਟਿੰਗ ਦੀ ਸੂਚਨਾ ਭੇਜੇ ਜਾਣ ਅਤੇ ਹੋਲਡਿੰਗ ਸ਼ੇਅਰ ਜਿਵੇਂ ਕਿ ਕਟ ਆਫ ਤਾਰੀਖ 31 **ਜਨਵਰੀ,** 2020 ਹੈ ਦਾ ਮੈਂਬਰ ਬਣਦਾ ਹੈ ਉਹ ਯੂਜ਼ਰ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਲਈ ਇੱਕ ਬੇਨਤੀ heldpdesk.evoting@cdslindia.com ਤੇ ਭੇਜ ਸਕਦਾ ਹੈ।

ਯੂਜ਼ਰ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰਨ ਦਾ ਵਿਸਥਾਰਪੂਰਵਕ ਤਰੀਕਾ ਮੀਟਿੰਗ ਦੀ ਸੂਚਨਾ ਵਿਚ ਵੀ ਦੱਸਿਆ ਗਿਆ ਹੈ ਜਿਹੜੀ ਕਿ ਕੰਪਨੀ ਦੀ ਵੈਬਸਾਈਟ ਅਤੇ ਸੀ ਡੀ ਐਸ ਐਲ ਦੀ ਵੈਬਸਾਈਟ ਤੇ ਉਪਲਬਧ ਹੈ। ਜੇ ਮੈਂਬਰ ਪਹਿਲੋਂ ਹੀ ਈ-ਵੋਟਿੰਗ ਲਈ ਸੀ ਡੀ ਐਸ ਐਲ ਕੋਲ ਰਜਿਸਟਰ ਕੀਤਾ ਹੋਇਆ ਹੈ ਤਾਂ ਉਹ ਆਪਣਾ ਵਰਤਮਾਨ ਯੂਜ਼ਰ ਆਈ ਡੀ ਅਤੇ ਪਾਸਵਰਡ ਰਿਮੋਟ ਈ-ਵੋਟਿੰਗ ਰਾਹੀਂ ਵੋਟ ਦੇਣ ਲਈ ਇਸਤੇਮਾਲ ਕਰ ਸਕਦਾ ਹੈ।

ਜਿਸ ਮੈਂਬਰ ਨੇ ਰਿਮੋਟ ਈ-ਵੋਟਿੰਗ ਰਾਂਹੀ ਆਪਣਾ ਵੋਟ ਪਾ ਲਿਆ ਹੈ ਉਹ ਮੀਟਿੰਗ ਵਿਚ ਸ਼ਾਮਿਲ ਤਾਂ ਹੋ ਸਕਦਾ ਹੈ ਲੇਕਿਨ ਦੋਬਾਰਾ ਵੋਟ ਕਰਨ ਦਾ ਉਹਨਾਂ ਨੂੰ ਹਕ ਨਹੀਂ ਹੋਵੇਗਾ।

ਬੈਲਟ ਪੇਪਰ ਰਾਹੀਂ ਵੋਟਿੰਗ ਦੀ ਸਹੂਲਤ ਮੀਟਿੰਗ ਦੀ ਥਾਂ ਤੇ ਉਪਲਬਧ ਕਰਾਈ ਜਾਏਗੀ ਅਤੇ ਉਹ ਮੈਂਬਰ ਸਾਹਿਬਾਨ ਜਿਹੜੇ ਮੀਟਿੰਗ ਵਿਚ ਸ਼ਾਮਿਲ ਹੋਣਗੇ ਅਤੇ ਉਹਨਾਂ ਰਿਮੋਟ ਈ-ਵੋਟਿੰਗ ਰਾਹੀ ਆਪਣੀ ਵੋਟ ਨਹੀਂ ਪਾਈ, ਉਹ ਬੈਲਟ ਪੇਪਰ ਰਾਹੀਂ ਮੀਟਿੰਗ ਵਿਚ ਆਪਣੇ ਵੋਟ ਦੇਣ ਦੇ ਅਧਿਕਾਰ ਦੀ ਵਰਤੋਂ ਕਰ ਸਕਦੇ ਹਨ।

ਜੇਕਰ ਈ-ਵੋਟਿੰਗ ਸੰਬੰਧੀ ਤੁਹਾਡਾ ਕੋਈ ਪ੍ਰਸ਼ਨ ਜਾਂ ਮਾਮਲਾ ਹੋਵੇ, ਤੁਸੀਂ ਫਰੀਕਵੈਂਟਲੀ ਆਸਕਡ ਕਵੈਸਚਨਜ਼ ("FAQs") ਅਤੇ ਈ-ਵੋਟਿੰਗ ਮੈਨੂਅਲ ਜਿਹੜੀ ਕਿ **www.evotingindia.com**, ਤੇ ਉਪਲਬਧ ਹੈ ਨੂੰ ਰੈਫਰ ਕਰ ਸਕਦਾ ਹੈ ਅਤੇ ਹੈਲਪ ਸੈਕਸ਼ਨ ਜਾਂ ਈ ਮੇਲ ਲਈ ਲਿਖੋ **helpdesk.evoting@cdslindia.com ਜਾਂ ਮੈਨੇਜਰ** Mr. Rakesh Dalvi ਨੂੰ ਭੇਜੋ ਜਿਸ ਦਾ **ਸੰਪਰਕ** ਨੰਬਰ.1800225533, ਪਤਾ : Central Depository Services (India) Limited, A Wing, 25thFloor, Marathon Futurex, Mafatlal Mill Compounds, N M Joshi Marg, Lower Parel (E), Mumbai-400013.

**ਵਾਸਤੇ ਮਿਲਕਫੂਡ ਲਿਮਟਿਡ**
ਸਹੀ/-
**ਰਾਕੇਸ਼ ਕੁਮਾਰ ਠਾਕੁਰ**
ਕੰਪਨੀ ਸੈਕਟਰੀ

ਮਿਤੀ : 10.01.2020
ਥਾਂ : ਨਵੀਂ ਦਿੱਲੀ


# ਦੇਸ਼ ਵਿੱਚ ਭੁੱਖਮਰੀ ਤੇ ਸਿਹਤ ਮਿਸ਼ਨ

**ਡਾ. ਸ਼ਿਆਮ ਸੁੰਦਰ ਦੀਪਤੀ**



ਗਲੋਬਲ ਹੰਗਰ ਇੰਡੇਕਸ (ਦੁਨੀਆ ਦਾ ਭੁੱਖਮਰੀ ਦਾ ਸੂਚਕ ਅੰਕ) ਮੁਤਾਬਕ, ਸਾਡਾ ਮੁਲਕ ਦੁਨੀਆਂ ਦੇ 119 ਦੇਸ਼ਾਂ ਵਿਚੋਂ, ਜਿਨ੍ਹਾਂ ਦੇ ਆਂਕੜੇ ਸੰਸਥਾ ਕੋਲ ਪਹੁੰਚੇ, ਉਨ੍ਹਾਂ ਵਿਚੋਂ 102ਵੇਂ ਨੰਬਰ 'ਤੇ ਹੈ। ਇਸ ਦੇ ਦੂਸਰੇ ਪਾਸੇ ਸਾਡੇ ਕੋਲ ਦੁਨੀਆਂ ਦੇ ਮੁਕਾਬਲੇ ਕਈ ਗੁਣਾ ਵੱਡਾ ਸਿਹਤ ਢਾਂਚਾ ਹੈ। ਅਨੇਕਾਂ ਹੀ ਖੁਰਾਕ ਨਾਲ ਸਬੰਧਿਤ ਪ੍ਰੋਗਰਾਮ ਹਨ। ਇਹ ਆਪਸੀ ਵਿਰੋਧੀ ਹਾਲਤ ਦੇ ਨਤੀਜੇ ਆਖਰ ਕੀ ਦਰਸਾਉਂਦੇ ਹਨ।

ਕੌਮੀ ਸਿਹਤ ਮਿਸ਼ਨ, ਦੇਸ਼ ਦੀ ਸਿਹਤ ਸਥਿਤੀ ਅਤੇ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਲੈ ਕੇ, ਇਕ ਬਹੁਪੱਖੀ ਪ੍ਰੋਗਰਾਮ ਹੈ। ਇਸ ਦੇ ਤਹਿਤ ਸਾਰੇ ਹੀ ਸਿਹਤ ਮਸਲੇ ਅਤੇ ਉਨ੍ਹਾਂ ਨਾਲ ਸਬੰਧਿਤ ਪ੍ਰੋਗਰਾਮ ਆਉਂਦੇ ਹਨ, ਜਿਵੇਂ ਮਲੇਰੀਆ, ਡੇਂਗੂ, ਟੀਬੀ, ਮਾਵਾਂ ਅਤੇ ਬੱਚਿਆਂ ਦੀ ਸਿਹਤ ਆਦਿ।

ਸਿਹਤ ਨਾਲ ਸਬੰਧੀ ਮਿਸ਼ਨ ਪਿਛਲੇ ਕਾਫ਼ੀ ਸਮੇਂ ਤੋਂ ਪ੍ਰਚਲਿਤ ਹਨ ਤੇ ਪ੍ਰਚਾਰੇ ਵੀ ਜਾ ਰਹੇ ਹਨ। ਮਿਸ਼ਨ ਨੂੰ ਆਮ ਸ਼ਬਦਾਂ ਵਿਚ ਸੇਵਾ ਕਹਿ ਸਕਦੇ ਹਾਂ, ਪਰ ਇਸ ਦੀ ਮੂਲ ਭਾਵਨਾ ਉਸ ਤੋਂ ਕਿਵੇਂ ਵੱਡੀ ਅਤੇ ਵਿਸਤ੍ਰਤ ਹੈ। ਅਸੀਂ ਸਾਰੇ ਹੀ ਆਪਣੇ ਆਪ ਨੂੰ ਸਰਕਾਰੀ ਸੇਵਾ ਵਿਚ ਲੱਗੇ ਹੋਏ ਕਹਿੰਦੇ ਹਾਂ। ਧਾਰਮਿਕ ਲੋਕ ਤਾਂ ਸੇਵਾ ਹੀ ਕਰ ਰਹੇ ਹੁੰਦੇ ਹਨ। ਸਵੈ-ਸੇਵੀ ਸੰਸਥਾ ਦਾ ਮਕਸਦ ਹੀ ਸੇਵਾ ਹੈ ਤੇ ਹੁਣ ਰਾਜਨੀਤੀਵਾਨ ਵੀ ਇਸ ਨਾਅਰੇ ਨਾਲ ਆ ਰਹੇ ਹਨ, 'ਰਾਜ ਨਹੀਂ ਸੇਵਾ।' ਜੇਕਰ ਮਿਸ਼ਨ ਦੀ ਭਾਵਨਾ ਨੂੰ ਸਮਝਣਾ ਹੋਵੇ ਤਾਂ ਅਸੀਂ ਆਪਣੇ ਖਿੱਤੇ ਅਤੇ ਸੱਭਿਆਚਾਰ 'ਚੋਂ ਭਾਈ ਘਨੱਈਆ ਦੇ ਕਾਰਜ ਨੂੰ ਮਿਸ਼ਨ ਕਹਿ ਕੇ ਸੰਬੋਧਨ ਕਰ ਸਕਦੇ ਹਾਂ। ਉਂਜ ਸ਼ਬਦ-ਕੋਸ਼ੀ ਅਰਥਾਂ ਵਿਚ ਮਿਸ਼ਨ ਦਾ ਮਤਲਬ ਹੈ -ਨਿਸ਼ਾਨਾ, ਉਦੇਸ਼। ਕਿਸੇ ਕਾਰਜ ਨੂੰ ਬੰਨ੍ਹੀ ਹੋਈ ਡਿਊਟੀ ਤਹਿਤ ਨਹੀਂ, ਸਵਾਰਥ ਤੋਂ ਰਹਿਤ, ਆਪਣੇ ਹਿੱਤ ਨੂੰ ਪਿੱਛੇ ਰਖਦੇ ਹੋਏ, ਕੰਮ ਕਰਨਾ ਅਤੇ ਆਪਣੇ ਉਦੇਸ਼ ਵੱਲ ਵੱਧਣਾ।

ਸਮੇਂ-ਸਮੇਂ 'ਤੇ ਕਈ ਮਿਸ਼ਨ, ਜਿਵੇਂ ਲਿਟਰੇਸੀ ਮਿਸ਼ਨ, ਟਕਨਾਲੋਜੀ ਮਿਸ਼ਨ ਤੇ ਫਿਰ ਕੌਮੀ ਪੇਂਡੂ ਸਿਹਤ ਮਿਸ਼ਨ, ਸ਼ਹਿਰੀ ਸਿਹਤ ਮਿਸ਼ਨ, ਟੀਕਾਕਰਨ ਮਿਸ਼ਨ ਅਤੇ ਇਨ੍ਹਾਂ ਦਿਨਾਂ ਵਿਚ ਕੇਂਦਰੀ ਸਰਕਾਰ ਵੱਲੋਂ ਇਕ ਵੱਡਾ ਮਿਸ਼ਨ, ਅਯੂਸ਼ਮਾਨ ਭਾਰਤ ਮਿਸ਼ਨ ਸ਼ੁਰੂ ਹੋਇਆ ਹੈ। ਵੈਸੇ ਉਦੇਸ਼ ਅਤੇ ਟੀਚੇ ਮਿੱਥ ਕੇ ਹੀ ਕੰਮ ਹੁੰਦਾ ਹੈ। ਇਸ ਦੇ ਤਹਿਤ ਹੀ ਦੁਨੀਆਂ ਭਰ 'ਚ ਜੋ ਹਾਸਿਲ ਹੋਇਆ ਹੈ, ਉਹ ਅਸੀਂ ਸਪੱਸ਼ਟ ਰੂਪ ਵਿਚ ਉਭਾਰ ਸਕਦੇ ਹਾਂ। ਵਿਉਂਤਬੰਦੀ ਦੇ ਨੇਮਾਂ ਹੇਠ, ਕੋਈ ਟੀਚਾ ਮਿਥਿਆ, ਕਰਮਚਾਰੀ ਨੂੰ ਨਿਸ਼ਾਨੇ ਦਿੱਤੇ ਤੇ ਫਿਰ ਟੀਚੇ ਪੂਰੇ ਨਾ ਹੋਣ 'ਤੇ ਤਲਬ ਕੀਤਾ ਤੇ ਪੂਰੇ ਹੋ ਜਾਣ 'ਤੇ ਮਾਨ-ਸਨਮਾਨ।

ਮਿਸ਼ਨ ਸ਼ਬਦ ਜੋੜਣ ਦਾ ਮਤਲਬ ਹੁੰਦਾ ਹੈ, ਦਿਨ-ਰਾਤ ਦੇਖੇ ਬਗੈਰ, ਮੀਂਹ-ਹਨੇਰੀ ਦੀ ਪਰਵਾਹ ਕੀਤੇ ਬਿਨਾਂ, ਆਪਣੇ ਉਦੇਸ਼ਾਂ ਨੂੰ ਪਾਉਣਾ ਪਰ ਸਰਕਾਰੀ ਕਾਰਜ, ਸਿਰਫ਼ ਸ਼ਬਦ ਜੋੜਣ ਨਾਲ ਸਿਰੇ ਨਹੀਂ ਚੜਦੇ। ਇਨ੍ਹਾਂ ਦੀ ਅਸਲੀਅਤ ਦੇਰ ਸਵੇਰ ਸਾਹਮਣੇ ਆ ਹੀ ਜਾਂਦੀ ਹੈ। ਉਦੋਂ ਫਿਰ ਨੀਤੀਆਂ 'ਤੇ ਵੀ ਗੱਲ ਹੁੰਦੀ ਹੈ ਤੇ ਨੀਅਤ 'ਤੇ ਵੀ। ਫਿਰ ਜਦੋਂ ਜ਼ਮੀਨੀ ਹਕੀਕਤ ਦੀ ਗੱਲ ਆਉਂਦੀ ਹੈ ਤਾਂ ਇਸ ਸੇਵਾ ਦੀ ਘਾਟ ਬਿਲਕੁਲ ਸਪੱਸ਼ਟ ਨਜ਼ਰ ਆਉਂਦੀ ਹੈ।

ਜਦੋਂ ਅਸੀਂ ਇਸ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਦਾ ਪ੍ਰਭਾਵ ਆਪਣੇ ਵਰਗੇ ਆਪਣੇ ਗੁਆਂਢੀ ਦੇਸ਼ਾਂ ਵਿਚ ਦੇਖਦੇ ਹਾਂ ਤਾਂ ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਸਾਡੇ ਤੋਂ ਅੱਗੇ ਨਜ਼ਰ ਆਉਂਦੇ ਹਨ। ਸ੍ਰੀਲੰਕਾ ਦੇ ਇਕ ਸਰਵੇਖਣ ਵਿੱਚ ਗਰਭਵਤੀ ਮਾਵਾਂ ਨਾਲ ਜੁੜੀਆਂ ਸੇਵਾਵਾਂ ਵਿਚ ਸ੍ਰੀਲੰਕਾ ਸਾਡੇ ਤੋਂ ਕਾਫ਼ੀ ਅੱਗੇ ਨਜ਼ਰ ਆਇਆ ਤਾਂ ਕਿਸੇ ਨੇ ਟਿੱਪਣੀ ਕੀਤੀ ਕਿ ਉਹ ਛੋਟਾ ਜਿਹਾ ਦੇਸ਼, ਸਾਡੇ ਕਿਸੇ ਇਕ ਰਾਜ ਦੇ ਬਰਾਬਰ ਵੀ ਨਹੀਂ, ਉਥੇ ਇਹ ਕਾਰਜ ਆਸਾਨ ਹੈ। ਸਾਡੇ ਮੁਲਕ ਵਿੱਚ ਹਰ ਨਾਕਾਮੀ ਨੂੰ ਅਬਾਦੀ ਨਾਲ ਜੋੜ ਦਿੱਤਾ ਜਾਂਦਾ ਹੈ ਪਰ ਤੁਲਨਾਤਮਕ ਅਧਿਐਨ ਵਿਚ ਆਬਾਦੀ ਨਹੀਂ, ਅਨੁਪਾਤ ਦੇਖਣੇ ਹੁੰਦੇ ਹਨ। ਜੇਕਰ ਸਾਡੀ ਆਬਾਦੀ ਵੱਧ ਹੈ ਤਾਂ ਸਾਡੇ ਕੋਲ ਸ੍ਰੀਲੰਕਾ ਦੇ ਮੁਕਾਬਲੇ, ਸਿਹਤ ਕਰਮਚਾਰੀ, ਡਾਕਟਰ, ਨਰਸਾਂ ਅਤੇ ਹੋਰ ਕਾਰਕੁਨ ਵੀ ਪ੍ਰਤੀ ਹਜ਼ਾਰ ਦੀ ਆਬਾਦੀ ਮਗਰ ਵੱਧ ਹਨ।

ਜਦੋਂ ਇਸ ਹਾਲਤ ਦਾ ਅਗੋਂ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਤਾਂ ਜੋ ਮਹੱਤਵਪੂਰਨ ਤੱਥ ਸਾਹਮਣੇ ਆਇਆ, ਉਹ ਸੀ ਕਿ ਸਾਡੇ ਲੋਕਾਂ ਵਿਚ ਸੇਵਾ ਭਾਵ ਦੀ ਘਾਟ ਹੈ। ਉਥੋਂ ਦੇ ਕਾਮੇ ਆਪਣਾ ਕਾਰਜ ਤਨਦੇਹੀ ਨਾਲ ਕਰਦੇ ਹਨ, ਆਪਣਾ ਕੰਮ ਸਮਝ ਕੇ ਅਤੇ ਆਪਣੇ ਦੇਸ਼ ਦੇ ਲੋਕਾਂ ਦੀ ਤਕਲੀਫ਼ ਨੂੰ ਆਪਣੀ ਸਮਝ ਕੇ, ਜੋ ਕਿ ਸਾਡੇ ਲੋਕਾਂ ਵਿਚ ਮੁਕਾਬਲਤਨ ਘੱਟ ਹੈ। ਇਥੇ ਨਿੱਜ ਭਾਰੂ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵੀ ਅਕਸਰ ਸਾਹਮਣੇ ਆਉਂਦੇ ਹਨ। ਸਿਹਤ ਸਹੂਲਤਾਂ, ਪਹਿਲਾਂ ਤਾਂ ਸਰਕਾਰ ਵਲੋਂ ਹੀ ਘੱਟ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤੇ ਦੂਸਰਾ ਲੋਕਾਂ ਤੱਕ ਪਹੁੰਚਦੀਆਂ ਵੀ ਘੱਟ ਹਨ। ਸਿਹਤ ਮੰਤਰੀ ਤੋਂ ਪ੍ਰਬੰਧਕੀ ਢਾਂਚੇ ਤੱਕ, ਹੇਠਲੇ ਤੋਂ ਹੇਠਲੇ ਕਾਮੇ, ਆਸ਼ਾ ਵਰਕਰ ਜਾਂ ਆਂਗਣਵਾੜੀ ਵਰਕਰ ਤੋਂ ਇਮਾਨਦਾਰੀ ਦੀ ਆਸ ਰੱਖੀ ਜਾਂਦੀ ਹੈ ਤੇ ਸਾਰਾ ਢਾਂਚਾ ਭ੍ਰਿਸ਼ਟਤੰਤਰ ਦਾ ਹਿੱਸਾ ਹੁੰਦਾ ਹੈ।

ਸਿਹਤ ਸੇਵਾਵਾਂ ਦਾ ਮੁੱਖ ਉਦੇਸ਼ ਹੈ, ਕੋਈ ਵੀ ਬਿਮਾਰ ਨਾ ਹੋਵੇ ਜਾਂ ਬਿਮਾਰ ਹੋਣ 'ਤੇ ਲੋੜੀਂਦੀਆਂ ਸਿਹਤ ਸੇਵਾਵਾਂ ਸਭ ਦੀ ਪਹੁੰਚ ਵਿਚ ਹੋਣ। ਟੀਕਾਕਰਨ ਵਰਗੀਆਂ ਸੇਵਾਵਾਂ ਦਾ ਉਦੇਸ਼ ਹੈ ਕਿ ਲੋਕਾਂ ਨੂੰ ਪਹਿਲਾਂ ਹੀ ਬਿਮਾਰੀਆਂ ਤੋਂ ਲੜਣ ਲਈ ਤਿਆਰ ਕੀਤਾ ਜਾਵੇ। ਇਸ ਨਾਲ ਉਨ੍ਹਾਂ ਦੀ ਸੁਰੱਖਿਆ ਪ੍ਰਣਾਲੀ ਮਜ਼ਬੂਤ ਹੁੰਦੀ ਹੈ ਪਰ ਇਸ ਸਭ ਦੇ ਬਾਵਜੂਦ, ਜੋ ਸਵਾਲ ਉੱਠਦਾ ਹੈ ਕਿ ਸਿਹਤ ਦਾ ਇਕ ਮਜ਼ਬੂਤ ਢਾਂਚਾ ਹੋਣ ਦੇ ਬਾਵਜੂਦ, ਇਸ ਦੇ ਅਸਰ ਕਿਉਂ ਨਹੀਂ ਨਜ਼ਰ ਆਉਂਦੇ।

ਇਸ ਤਸਵੀਰ ਦਾ ਦੂਸਰਾ ਪਹਿਲੂ ਵੀ ਉਨੀ ਹੀ ਸੰਜੀਦਗੀ ਦੀ ਮੰਗ ਕਰਦਾ ਹੈ। ਜਿਥੋਂ ਤੱਕ ਸਰੀਰ ਦੀ ਸੁਰੱਖਿਆ ਪ੍ਰਣਾਲੀ ਦੀ ਮਜ਼ਬੂਤੀ ਦਾ ਸਵਾਲ ਹੈ, ਜਿਸ ਨੇ ਅੱਗੋਂ ਟੀਕਾਕਰਨ ਦੇ ਪ੍ਰਭਾਵ ਜਾਂ ਬਿਮਾਰੀਆਂ ਨਾਲ ਕਾਰਗਰ ਢੰਗ ਨਾਲ ਲੜਣਾ ਹੈ, ਉਹ ਮਜ਼ਬੂਤ ਕਿਉਂ ਨਹੀਂ ਹੈ?

ਸਰੀਰ ਦੀ ਸੁਰੱਖਿਆ ਪ੍ਰਣਾਲੀ ਦੀ ਮਜ਼ਬੂਤੀ ਲਈ, ਸਭ ਤੋਂ ਪਹਿਲੀ ਅਤੇ ਅਹਿਮ ਜ਼ਰੂਰਤ ਹੈ, ਖੁਰਾਕ। ਭਾਵੇਂ ਕਿ ਪ੍ਰਦੂਸ਼ਣ ਰਹਿਤ ਵਾਤਾਵਰਨ ਜਿਵੇਂ ਹਵਾ ਤੇ ਪਾਣੀ ਵੀ ਮਹੱਤਵ ਰਖਦੇ ਹਨ ਪਰ ਖੁਰਾਕ ਦੀ ਮੁੱਢਲੀ ਜ਼ਰੂਰਤ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਇਥੇ ਵੀ ਸਿਰਫ਼ ਊਰਜਾ ਇਕਾਈਆਂ ਜਾਂ ਸਿਰਫ਼ ਰੋਟੀਆਂ ਹੀ ਕਾਫ਼ੀ ਨਹੀਂ ਹਨ, (ਜਿਵੇਂ ਕਿ ਕਈ ਸਕੂਲਾਂ ਵਿਚ ਨਮਕ ਨਾਲ ਰੋਟੀ ਖਾਣ ਦੀਆਂ ਤਸਵੀਰਾਂ ਆਈਆਂ ਹਨ), ਸਗੋਂ ਊਰਜਾ ਦੇ ਨਾਲ ਪ੍ਰੋਟੀਨ, ਵਿਟਾਮਿਨ, ਖਣਿਜ ਭਰਪੂਰ ਖੁਰਾਕ ਦੀ ਲੋੜ ਹੁੰਦੀ ਹੈ, ਕਹਿਣ ਤੋਂ ਭਾਵ ਸੰਤੁਲਿਤ ਖੁਰਾਕ। ਇੱਕ ਲੀਟਰ ਦੁੱਧ ਨੂੰ ਪਾਣੀ ਵਿਚ ਮਿਲਾ ਕੇ 85 ਬੱਚਿਆਂ ਨੂੰ ਪਿਲਾਉਣਾ ਵੀ ਸਾਡੀ ਸਿਹਤ ਵਿਵਸਥਾ ਦਾ ਹਿੱਸਾ ਹੈ।

ਇਸ ਗੱਲ ਨੂੰ ਸਮਝਣ ਲਈ, ਇਕ ਆਂਕੜਾ ਹੀ ਕਾਫ਼ੀ ਹੈ ਕਿ ਦੁਨੀਆਂ ਦੇ ਕੁਲ ਕੁਪੋਸ਼ਿਤ ਬੱਚਿਆਂ ਵਿਚੋਂ (ਪੰਜ ਤੋਂ ਘੱਟ ਉਮਰ), ਇਕ ਤਿਹਾਈ ਸਾਡੇ ਮੁਲਕ ਵਿਚ ਹਨ। ਕਹਿਣ ਤੋਂ ਮਤਲਬ ਉਮਰ ਮੁਤਾਬਕ ਭਾਰ ਅਤੇ ਕੱਦ ਵਿਚ ਘੱਟ। ਇਸ ਦੀ ਦੂਸਰੀ ਝਲਕ, ਇਸ ਸੂਚਕ ਅੰਕ ਵਿਚ ਦਰਸਾਈ ਗਈ ਹੈ ਕਿ ਭੁੱਖਮਰੀ ਦੇ ਮਾਪਦੰਡ ਅਨੁਸਾਰ ਅਸੀਂ ਦੁਨੀਆਂ ਵਿਚ 102ਵੇਂ ਨੰਬਰ 'ਤੇ ਹਾਂ। ਸਾਡੇ ਗੁਆਂਢੀ ਮੁਲਕ ਬੰਗਲਾਦੇਸ਼, ਸ੍ਰੀਲੰਕਾ, ਨੇਪਾਲ ਅਤੇ ਪਾਕਿਸਤਾਨ ਵੀ ਸਾਡੇ ਤੋਂ ਵਧੀਆ ਹਾਲਤ ਵਿਚ ਹਨ। ਇਸ ਬਹਿਸ ਵਿਚ ਨਾ ਪੈਂਦੇ ਹੋਏ ਕਿ ਇਹ ਸੂਚਕ ਅੰਕ ਠੀਕ ਹੈ ਜਾਂ ਕਿਤੇ ਕੋਈ ਗਲਤੀ ਹੈ, ਕਿਉਂ ਇਹ ਕਿਹਾ ਜਾਂਦਾ ਹੈ ਕਿ ਇਹ ਤੱਥ ਦਾ ਸਰਵੇਖਣ ਕਦੋਂ ਹੋਇਆ ਤੇ ਕਿਸ ਨੇ ਕੀਤਾ, ਪਰ ਵਿਗਿਆਨਕ ਤੱਥ ਇਹ ਹੈ ਕਿ ਭੁੱਖਮਰੀ ਦੀ ਹਾਲਤ ਜਾਨਣ ਲਈ ਪ੍ਰਤੀ ਵਿਅਕਤੀ ਲੋੜ ਮੁਤਾਬਕ ਊਰਜਾ ਦਾ ਨਾ ਮਿਲਣਾ ਅਤੇ ਕੁਪੋਸ਼ਿਤ ਬੱਚਿਆਂ ਦੀ ਗਿਣਤੀ ਨਾਲ ਇਹ ਤੈਅ ਹੁੰਦਾ ਹੈ।

ਸਾਡੇ ਦੇਸ਼ ਵਿਚ ਸਿਹਤ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਸਾਹਮਣੇ ਰੱਖ ਕੇ, ਕੌਮੀ ਸਿਹਤ ਪ੍ਰੋਗਰਾਮ ਚੱਲ ਰਹੇ ਹਨ। ਇਸ ਤਰ੍ਹਾਂ ਬੱਚਿਆਂ ਅਤੇ ਮਾਵਾਂ ਦੀ ਸਿਹਤ ਨੂੰ ਲੈ ਕੇ ਵਿਸ਼ੇਸ਼ ਪ੍ਰੋਗਰਾਮ ਹਨ ਅਤੇ ਉਨ੍ਹਾਂ ਵਿਚੋਂ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਜੁੜਿਆ ਹੈ, ਆਂਗਣਵਾੜੀ ਪ੍ਰੋਗਰਾਮ। ਇਸ ਵਿਚ ਮੁੱਢਲੀ ਨਰਸਰੀ ਨੁਮਾ ਸਿੱਖਿਆ ਅਤੇ ਖੁਰਾਕ ਵਿਸ਼ੇਸ਼ ਹਨ। ਇਸ ਤਰ੍ਹਾਂ ਸਿੱਖਿਆ ਵਿਭਾਗ ਦਾ ਇਕ ਵੱਡਾ ਖੁਰਾਕ ਸਬੰਧੀ ਪ੍ਰੋਗਰਾਮ 'ਮਿੱਡ-ਡੇਅ ਮੀਲ' ਹੈ। ਇਸ ਤੋਂ ਇਲਾਵਾ ਗਰਭਵਤੀ ਮਾਵਾਂ ਲਈ, ਟੀ.ਬੀ. ਦੇ ਮਰੀਜ਼ਾਂ ਲਈ ਕੁਝ ਵਿਸ਼ੇਸ਼ ਭੱਤਾ ਹੈ, ਖੁਰਾਕ ਦੇ ਲਈ?

ਦੇਸ਼ ਕੋਲ, ਇਕ ਲੰਮੇ ਅਰਸੇ ਤੋਂ ਚੱਲ ਰਹੇ ਸਸਤੇ ਰਾਸ਼ਨ ਦੇ ਡਿੱਪੂ ਹਨ, ਜੋ ਕਿ ਪੂਰੇ ਦੇਸ਼ ਵਿੱਚ ਇਕ ਵੱਡੇ ਢਾਂਚੇ ਰਾਹੀਂ ਚਲ ਰਹੇ ਹਨ, ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਪ੍ਰੋਗਰਾਮ ਕਿਹਾ ਜਾਂਦਾ ਹੈ ਪਰ ਇਨ੍ਹਾਂ ਸਾਰੇ ਪ੍ਰੋਗਰਾਮਾਂ ਦਾ ਅਸਰ ਕੁਪੋਸ਼ਿਤ ਬੱਚਿਆਂ ਦੀ ਗਿਣਤੀ ਘੱਟ ਨਹੀਂ ਕਰ ਰਿਹਾ।

ਸਾਲ ਵਿਚ ਕਈ ਵਾਰ, ਸੰਸਦ ਵਿੱਚ, ਦੇਸ਼ ਦੀਆਂ ਪ੍ਰਾਪਤੀਆਂ ਨੂੰ ਲੈ ਕੇ ਰਿਪੋਰਟਾਂ ਪੇਸ਼ ਹੁੰਦੀਆਂ ਹਨ। ਸਭ ਤੋਂ ਤੇਜ਼ੀ ਨਾਲ ਵੱਧ ਰਹੀ ਅਰਥ ਵਿਵਸਥਾ, ਫਰਾਂਸ ਨੂੰ ਪਿੱਛੇ ਛੱਡ ਰਹੀ ਹੈ। ਭੁੱਖਮਰੀ ਵਿਚ 102ਵੀਂ, ਮਨੁੱਖੀ ਵਿਕਾਸ ਸੂਚਕ ਅੰਕ ਉਹ 131ਵੀਂ ਥਾਂ ਹਾਸਿਲ ਕਰਨ ਵੇਲੇ, ਸਦਨ ਵਿਚ ਇਸ 'ਤੇ ਬਹਿਸ ਕਿਉਂ ਨਹੀਂ ਹੁੰਦੀ। ਜਦੋਂ ਕਿ ਇਹ ਮੁੱਦੇ ਸ਼ਰਮਸਾਰ ਹੋਣ ਵਾਲੇ ਹਨ। ਚਿੰਤਾ ਤੋਂ ਅੱਗੇ ਚਿੰਤਨ-ਮਨਨ ਕਰਨ ਵਾਲੇ ਹਨ। ਇਨ੍ਹਾਂ ਦੀ ਸੁਧਰੀ ਹੋਈ ਹਾਲਤ ਨਾਲ ਵੀ ਦੇਸ਼ ਦੀ ਸ਼ਾਨ ਵਧਦੀ ਹੈ, ਇਹ ਗੱਲ ਮਹਿਸੂਸ ਕਰਨ ਵਾਲੀ ਹੈ।

**ਸੰਪਰਕ: 98158-08506** (ਧੰਨਵਾਦ ਪੰ.ਟ੍ਰਿ)

# ਵਿਕਲਾਂਗਤਾ : ਇੱਕ ਚੁਣੌਤੀ ਅਤੇ ਹੱਲ

**ਪੂਜਾ ਸ਼ਰਮਾ**



ਵਿਕਲਾਂਗਤਾ ਸ਼ਬਦ ਦਾ ਅਰਥ ਸਧਾਰਨ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਜਦੋਂ ਕਿਸੇ ਵਿਅਕਤੀ ਦਾ ਕੋਈ ਅੰਗ ਕੰਮ ਨਾ ਕਰਦਾ ਹੋਵੇ ਭਾਵ ਸਰੀਰ ਦੇ ਕਿਸੇ ਅੰਗ ਵਿੱਚ ਵਿਕਰਤੀ ਹੋਵੇ। ਵਿਕਲਾਂਗਤਾ ਜਨਮ ਤੋਂ ਵੀ ਹੋ ਸਕਦੀ ਹੈ ਅਤੇ ਬਾਅਦ ਵਿੱਚ ਵੀ ਕਿਸੇ ਦੁਰਘਟਨਾ ਕਾਰਨ ਵੀ ਹੋ ਸਕਦੀ ਹੈ। ਆਮ ਤੌਰ 'ਤੇ ਬੁਢਾਪੇ ਵਿੱਚ ਵਿਅਕਤੀ ਦੇ ਅੰਗ ਕੰਮ ਕਰਨ ਤੋਂ ਅਸਮਰਥ ਹੋ ਜਾਂਦੇ ਹਨ, ਉਸ ਵੇਲੇ ਵੀ ਵਿਕਲਾਂਗਤਾ ਹੋ ਸਕਦੀ ਹੈ। ਵਿਕਲਾਂਗਤਾ ਇੱਕ ਬਹੁਤ ਵੱਡੀ ਚੁਣੌਤੀ ਹੈ, ਸਭ ਤੋਂ ਪਹਿਲਾਂ ਉਸ ਮਨੁੱਖ ਲਈ, ਜੋ ਇਸ ਤੋਂ ਗ੍ਰਸਤ ਹੈ। ਉਹ ਇੱਕ ਆਮ ਮਨੁੱਖ ਦੀ ਜ਼ਿੰਦਗੀ ਨਹੀਂ ਜੀ ਸਕਦਾ। ਉਸ ਦੇ ਸਰੀਰ ਦੇ ਕਿਸੇ ਵੀ ਅੰਗ ਦੀ ਅਸਮਰਥਤਾ ਉਸ ਨੂੰ ਬਾਕੀ ਮਨੁੱਖਾਂ ਤੋਂ ਵੱਖ ਕਰ ਦਿੰਦੀ ਹੈ। ਨਤੀਜੇ ਵਜੋਂ ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਮਨੁੱਖ ਦੇ ਜੀਵਨ ਦਾ ਹਰ ਪਲ ਉਸ ਲਈ ਚੁਣੌਤੀ ਬਣਿਆ ਰਹਿੰਦਾ ਹੈ।

ਦੂਸਰੀ ਚੁਣੌਤੀ ਉਸ ਪਰਿਵਾਰ ਲਈ ਹੁੰਦੀ ਹੈ, ਜਿਸ ਵਿੱਚ ਕਿਸੇ ਅਪਾਹਜ ਵਿਅਕਤੀ ਦਾ ਜਨਮ ਹੁੰਦਾ ਹੈ। ਉਸ ਪਰਿਵਾਰ ਦਾ ਹਰ ਵਿਅਕਤੀ ਹਮੇਸ਼ਾ ਮਾਨਸਿਕ ਬੋਝ ਨੂੰ ਲੈ ਕੇ ਜਿਊਂਦਾ ਹੈ। ਇੱਕ ਤਾਂ ਅਪਾਹਜ ਵਿਅਕਤੀ ਦੇ ਪਾਲਣ ਪੋਸ਼ਣ ਵਿੱਚ ਆ ਰਹੀਆਂ ਸਮੱਸਿਆਵਾਂ ਤੋਂ ਜੂਝਣਾ ਪੈਂਦਾ ਹੈ। ਦੂਸਰਾ ਉਸ ਬੱਚੇ ਦੇ ਭਵਿੱਖ ਨੂੰ ਲੈ ਕੇ ਪਰਿਵਾਰ ਵਿੱਚ ਹਮੇਸ਼ਾ ਡਰ ਅਤੇ ਚਿੰਤਾ ਦਾ ਵਾਸ ਹੁੰਦਾ ਹੈ।

ਤੀਸਰੀ ਚੁਣੌਤੀ ਵਿਕਲਾਂਗ ਵਿਅਕਤੀ ਲਈ ਸਮਾਜ ਹੈ। ਸਮਾਜ ਦਾ ਨਜ਼ਰੀਆ ਇੱਕ ਵਿਕਲਾਂਗ ਲਈ ਵਧੀਆ ਨਹੀਂ ਹੈ। ਉਸ ਨੂੰ ਜਨਮ ਤੋਂ ਹੀ ਨਕਾਰਾ ਮੰਨ ਲਿਆ ਜਾਂਦਾ ਹੈ। ਉਸਦੀ ਅਸਮਰਥਾ ਲਈ ਉਸ ਦਾ ਮਖੌਲ ਉਡਾਇਆ ਜਾਂਦਾ ਹੈ। ਕਦੇ ਉਹ ਲੋਕਾਂ ਲਈ ਦਯਾ ਦਾ ਪਾਤਰ ਹੁੰਦਾ ਹੈ ਤੇ ਕਦੇ ਨਫ਼ਰਤ ਦਾ। ਸਮਾਜ ਉਸ ਨੂੰ ਖਿੜੇ ਮੱਥੇ ਸਵੀਕਾਰ ਨਹੀਂ ਕਰਦਾ ਬਲਕਿ ਉਸ ਦੀ ਹੋਂਦ ਨੂੰ ਹਰ ਪਲ ਚੁਣੌਤੀ ਦਿੱਤੀ ਜਾਂਦੀ ਹੈ। ਸਮਾਜ ਦਾ ਵਤੀਰਾ ਵਿਕਲਾਂਗ ਲਈ ਬਹੁਤ ਬੇਰੁਖਾ ਅਤੇ ਸੰਵੇਦਨਹੀਣ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਇੱਕ ਵਿਕਲਾਂਗ ਵਿਅਕਤੀ ਦਾ ਮਨੋਬਲ ਡਿੱਗਦਾ ਰਹਿੰਦਾ ਹੈ ਅਤੇ ਕਦੇ ਕਦੇ ਉਹ ਆਤਮਹੱਤਿਆ ਵਰਗੇ ਘਿਨੌਣੇ ਕੰਮ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ। ਇੱਕ ਤਾਂ ਪਹਿਲਾਂ ਹੀ ਉਹ ਸਰੀਰਕ ਅਤੇ ਮਾਨਸਿਕ ਵੇਦਨਾ ਭੋਗ ਰਿਹਾ ਹੁੰਦਾ ਹੈ, ਉਸ 'ਤੇ ਵਾਰ-ਵਾਰ ਅਪਮਾਨ ਅਤੇ ਬੇਰੁਖੀ ਉਸ ਨੂੰ ਮਾਨਸਿਕ ਰੂਪ ਵਿੱਚ ਹੋਰ ਜ਼ਖ਼ਮੀ ਕਰ ਦਿੰਦੀ ਹੈ।

ਚੌਥੀ ਚੁਣੌਤੀ ਸਰਕਾਰ ਦਾ ਰਵੱਈਆ ਅਤੇ ਨੀਤੀਆਂ ਹਨ। ਸਰਕਾਰ ਜੋ ਵੀ ਨੀਤੀਆਂ ਅਪਾਹਜ ਲੋਕਾਂ ਦੀ ਭਲਾਈ ਲਈ ਬਣਾਉਂਦੀ ਹੈ, ਉਹ ਸਹੀ ਰੂਪ ਵਿੱਚ ਵਿਕਲਾਂਗ ਲੋਕਾਂ ਤੱਕ ਨਹੀਂ ਪਹੁੰਚਦੀਆਂ। ਜ਼ਿਆਦਾਤਰ ਵਿਕਲਾਂਗ ਸਰਕਾਰ ਦੁਆਰਾ ਦਿੱਤੀਆਂ ਗਈਆਂ ਸੁਵਿਧਾਵਾਂ ਤੋਂ ਵਾਂਝੇ ਰਹਿ ਜਾਂਦੇ ਹਨ। ਵਿਕਲਾਂਗਤਾ ਇੱਕ ਅਜਿਹਾ ਅਭਿਸ਼ਾਪ ਹੈ, ਜਿਸ ਨੂੰ ਵਿਅਕਤੀ ਸਾਰੀ ਜ਼ਿੰਦਗੀ ਭੋਗਦਾ ਹੈ ਪਰ ਜੇ ਵਿਅਕਤੀ ਨਿੱਜੀ ਰੂਪ ਵਿੱਚ ਆਤਮ ਵਿਸ਼ਵਾਸ ਅਤੇ ਦ੍ਰਿੜ ਨਿਸ਼ਚਾ ਪੈਦਾ ਕਰ ਲਵੇ ਤਾਂ ਵੱਡੀ ਤੋਂ ਵੱਡੀ ਚੁਣੌਤੀ ਨੂੰ ਵੀ ਜਿੱਤਿਆ ਜਾ ਸਕਦਾ ਹੈ। ਇੱਕ ਸਰੀਰਕ ਰੂਪ ਵਿੱਚ ਵਿਕਲਾਂਗ ਵਿਅਕਤੀ ਲਈ ਆਤਮ-ਨਿਰਭਰ ਹੋਣਾ ਅਤੇ ਜ਼ਿੰਦਗੀ ਦੀਆਂ ਮੁਸ਼ਕਿਲਾਂ ਸਹਿਣ ਵਿੱਚ ਵਿੱਦਿਆ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ। ਵਿੱਦਿਆ ਇੱਕ ਉਹ ਵਡਮੁੱਲਾ ਗਹਿਣਾ ਹੈ, ਜਿਸ ਨਾਲ ਇਕ ਵਿਕਲਾਂਗ ਸਮਾਜ ਵਿੱਚ ਮਾਨਯੋਗ ਥਾਂ ਪ੍ਰਾਪਤ ਕਰ ਸਕਦਾ ਹੈ। ਮਜ਼ਬੂਤ ਇੱਛਾ ਸ਼ਕਤੀ ਅਤੇ ਵਿੱਦਿਆ ਦੇ ਸਿਰ 'ਤੇ ਆਤਮ ਨਿਰਭਰ ਬਣਿਆ ਜਾ ਸਕਦਾ ਹੈ ਅਤੇ ਸਨਮਾਨ ਭਰੀ ਜ਼ਿੰਦਗੀ ਬਤੀਤ ਕੀਤੀ ਜਾ ਸਕਦੀ ਹੈ।ਪਰਿਵਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਵਿਕਲਾਂਗ ਬੱਚੇ ਨੂੰ ਜਿਨਾ ਸੰਭਵ ਹੋ ਸਕੇ ਅਜਿਹਾ ਵਾਤਾਵਰਨ ਮੁਹੱਈਆ ਕਰਵਾਇਆ ਜਾਵੇ ਕਿ ਉਹ ਬੱਚਾ ਖੁਦ ਨੂੰ ਦੂਜਿਆਂ ਤੋ ਅਲੱਗ ਨਾ ਸਮਝੇ। ਵਿਸ਼ੇਸ਼ ਤੌਰ 'ਤੇ ਉਸ ਦੀ ਪੜ੍ਹਾਈ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਉਸ ਨਾਲ ਕੋਈ ਭੇਦਭਾਵ ਨਾ ਕੀਤਾ ਜਾਵੇ। ਸਗੋਂ ਉਸਦੀ ਸਰੀਰਕ ਕਮਜ਼ੋਰੀ ਨੂੰ ਉਸ ਦੀ ਤਾਕਤ ਦੇ ਰੂਪ ਵਿੱਚ ਸਵੀਕਾਰ ਕਰਨ ਵਿੱਚ ਸਹਾਈ ਹੋਣਾ ਚਾਹੀਦਾ ਹੈ। ਪਹਿਲੀ ਇਕਾਈ ਪਰਿਵਾਰ ਹੀ ਹੈ, ਜਿਹੜੀ ਵਿਕਲਾਂਗ ਵਿਅਕਤੀ ਦਾ ਆਤਮ ਵਿਸ਼ਵਾਸ ਬਣਾਉਣ ਵਿੱਚ ਮਜ਼ਬੂਤ ਨੀਂਵ ਦਾ ਕੰਮ ਕਰਦੀ ਹੈ।

ਸਮਾਜ ਦੀ ਨੈਤਿਕ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਵਿਕਲਾਂਗ ਵਿਅਕਤੀਆਂ ਨਾਲ ਭੇਦਭਾਵ ਦੀ ਭਾਵਨਾ ਨਹੀਂ ਸਗੋਂ ਪਿਆਰ ਅਤੇ ਸਹਿਯੋਗ ਦੀ ਭਾਵਨਾ ਨਾਲ ਵਤੀਰਾ ਕਰਨ। ਮਾਨਸਿਕ ਰੂਪ ਵਿੱਚ ਵਿਕਲਾਂਗ ਵਿਅਕਤੀ ਦਾ ਜੀਵਨ ਸਰੀਰਕ ਪੱਖੋ ਵਿਕਲਾਂਗ ਨਾਲੋ ਵੀ ਜ਼ਿਆਦਾ ਦੁਖਦਾਈ ਹੁੰਦਾ ਹੈ। ਇਸ ਲਈ ਸਰੀਰਕ ਅਤੇ ਮਾਨਸਿਕ ਦੋਵੇਂ ਤਰ੍ਹਾਂ ਦੇ ਅਸਮਰਥ ਵਿਅਕਤੀਆਂ ਦੀ ਸਹਾਇਤਾ ਕਰਨਾ, ਉਨ੍ਹਾਂ ਨੂੰ ਹਮੇਸ਼ਾ ਉਤਸ਼ਾਹਿਤ ਕਰਨਾ, ਉਨ੍ਹਾਂ ਦੁਆਰਾ ਕੀਤੇ ਛੋਟੇ ਛੋਟੇ ਯਤਨਾਂ ਦੀ ਵੀ ਸ਼ਲਾਘਾ ਕਰਨਾ ਤਾਂ ਕਿ ਉਨ੍ਹਾਂ ਦਾ ਆਤਮ ਵਿਸ਼ਵਾਸ ਵੱਧ ਸਕੇ ਅਤੇ ਉਨ੍ਹਾਂ ਨੂੰ ਸਵੈਰੁਜ਼ਗਾਰ ਜਾਂ ਆਤਮ ਨਿਰਭਰ ਹੋਣ ਦੇ ਮੌਕੇ ਪ੍ਰਦਾਨ ਕਰਨਾ ਵੀ ਸਮਾਜ ਦੀ ਜ਼ਿੰਮੇਵਾਰੀ ਹੈ। ਖਾਸ ਤੌਰ 'ਤੇ ਸਮਾਜ ਦੇ ਰਵੱਈਏ ਦੇ ਬਦਲਣ ਦੀ ਲੋੜ ਹੈ ਤਾਂ ਜੋ ਪਹਿਲਾਂ ਤੋਂ ਹੀ ਤ੍ਰਾਸਦੀ ਭੋਗਦਾ ਵਿਅਕਤੀ ਹੋਰ ਦੁੱਖ ਨਾਲ ਪੀੜਤ ਨਾ ਹੋਵੇ। ਸਮਾਜ ਐੱਨਜੀਓ ਦੇ ਰੂਪ ਵਿੱਚ ਆਪਣੀ ਜ਼ਿੰਮੇਵਾਰੀ ਨਿਭਾ ਸਕਦਾ ਹੈ।

**ਸੰਪਰਕ: 9914459035**

(ਧੰਨਵਾਦ ਪੰ.ਟ੍ਰਿ)


## ਲਾਲਾ ਜਗਤ ਨਾਰਾਇਣ ਯਾਦਗਾਰੀ ਸਿਲਾਈ-ਕਢਾਈ-ਸਿਖਲਾਈ ਕੇਂਦਰ, ਪੱਟੀ

ਪਰਮ ਆਦਰਣੀਯ ਪਰਮ ਪੂਜਨੀਕ ਦੇਵੀ ਜੀ ਪੱਟੀ ਵਾਲੇ ਦੇ ਅਸ਼ੀਰਵਾਦ ਅਤੇ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਦੇ ਸਪੁੱਤਰ ਸ੍ਰੀ ਵਿਜੇ ਕੁਮਾਰ ਚੋਪੜਾ ਜੀ (ਸੰਚਾਲਕ ਪੰਜਾਬ ਕੇਸਰੀ ਪੱਤਰ ਸਮੂਹ) ਦੀ ਪ੍ਰੇਰਣਾ ਨਾਲ ਸਥਾਪਿਤ ਸਿਲਾਈ ਕਢਾਈ ਸਿਖਲਾਈ ਅਤੇ ਬਿਊਟੀ ਪਾਰਲਰ ਕੇਂਦਰ ਦੇਵੀ ਜੀ ਦੇ ਮੰਦਰ ਚੌਕ ਕਾਜ਼ੀਆਂ ਪੱਟੀ ਵਿਖੇ ਕੁਝ ਸਾਲਾਂ ਤੋਂ ਸਫਲਤਾ ਨਾਲ ਚੱਲ ਰਿਹਾ ਹੈ। ਹਰ ਸਾਲ ਨਵੇਂ ਬੈਚ ਦੀਆਂ ਵਿਦਿਆਰਥਣਾਂ ਨੂੰ ਉਪਰੋਕਤ ਕਿੱਤਿਆਂ ਵਿਚ ਸਿਖਲਾਈ ਦੇ ਪੂਰਨ ਹੋਣ ਤੇ ਪ੍ਰਮਾਣ ਪੱਤਰ ਦਿੱਤੇ ਜਾਂਦੇ ਹਨ। ਯੋਗ ਟੀਚਰਾਂ ਬੱਚੀਆਂ ਦਾ ਮਾਰਗ ਦਰਸ਼ਨ ਕੁਸ਼ਲਤਾ ਪੂਰਵਕ ਕਰ ਰਹੀਆਂ ਹਨ। ਇਲਾਕੇ ਲਈ ਇਹ ਕੇਂਦਰ ਇਕ ਵਰਦਾਨ ਸਿੱਧ ਹੋ ਰਿਹਾ ਹੈ।



ਪਰਮ ਪੂਜਨੀਕ ਦੇਵੀ ਜੀ ਪੱਟੀ ਵਾਲੇ

ਮਾਸਟਰ ਅਮੀਰ ਚੰਦ ਚੇਅਰਮੈਨ



ਰੋਜ਼ਾਨਾ ਮਿਹਨਤ 'ਚ ਇਸ਼ਤਿਹਾਰ ਦੇ ਕੇ ਆਪਣੇ ਕਾਰੋਬਾਰ 'ਚ ਵਾਧਾ ਕਰੋ-ਮੈਨੇਜਰ



ਐਡੀਟਰ,ਪ੍ਰਿੰਟਰ ਅਤੇ ਪਬਲਿਸ਼ਰ ਓਮ ਪ੍ਰਕਾਸ਼ ਖੇਮਕਰਨੀ ਨੇ ਦਸ਼ਮੇਸ਼ ਪ੍ਰਿੰਟਰਜ਼ ਰਣਜੀਤ ਨਗਰ ਅਤੇ ਨਵਾਂ ਜ਼ਮਾਨਾ ਪ੍ਰਿੰਟਰਜ਼ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਛਪਵਾ ਕੇ ਦਫਤਰ ਰੋਜ਼ਾਨਾ ਮਿਹਨਤ (ਪੰਜਾਬੀ) ਕਲਾਣ ਸਰਕਲ ਪੱਕਾ ਬਾਗ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮਾਲਕ ਕਮਲ ਕੁਮਾਰ ਸ਼ਰਮਾ। ਆਰ.ਐਨ.ਆਈ ਰਜਿਸਟਰੇਸ਼ਨ ਨੰਬਰ 61817/95